
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਕਬੀਰਾ ਮਰਤਾ ਮਰਤਾ ਜਗੁ ਮੂਆ, ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ, ਬਹੁਰਿ ਨ ਮਰਨਾ ਹੋਇ ॥

ਫ਼ਰਵਰੀ ੧੯੭੪



FEB 1974

ਗੁਰਦਵਾਰਾ ਸ੍ਰੀ ਮੁਕਤਸਰ ਸਾਹਿਬ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਮਰਣੁ ਮੁਣਸਾ ਸੂਰਿਆ ਹਕੁ ਹੈ | ——— | ੧ |
| ਗੁਰਬਾਣੀ-ਵੀਚਾਰ (ਮਾਨਸ ਕੀ ਜਾਤ ਸਭੈ.....) | ਭਾ: ਸਾ: ਭਾਈ ਰਣਧੀਰ ਸਿੰਘ ਜੀ | ੨ |
| ਭਾਈ ਸਰਵਣ ਸਿੰਘ ਜੀ (ਚੜ੍ਹਨਾ, ਡਿਗਣਾ ਤੇ ਬਖ਼ਸ਼ਸ਼) | ,, ,, | ੫ |
| ਰੋਜ਼ਾਨਾ ਮਨੁੱਖੀ ਜੀਵਨ ਤੇ ਧਰਮ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੦ |
| ਗੁਰੂ ਨਾਨਕ ਤੇ ਮਾਇਆਵਾਦ | ਸ: ਸੇਵਾ ਸਿੰਘ ਜੀ ਸੇਵਕ | ੧੩ |
| ਬੁਤਾਲੇ ਦਾ ਪੀਰ ਪੱਲ੍ਹਾ | ਸ: ਦਸੌਂਧਾ ਸਿੰਘ ਜੀ ਹੈਡਮਾਸਟਰ | ੧੭ |
| ਨਕਲੀ ਨਿਰੰਕਾਰੀਆਂ ਸੰਬੰਧੀ ਗੁਰਮਤਾ | ਸੰਗਤ ਗੁਰਦਵਾਰਾ ਸਾਹਿਬ ਮਾਲਬ | ੧੯ |
| ਪ੍ਰਭ ਜੀਉ ਖਸਮਾਨਾ ਕਰਿ ਪਿਆਰੇ (ਕਵਿਤਾ) | ਬੀਬੀ ਗੁਰਚਰਨ ਕੌਰ 'ਲਿਵਲੀਨ' | ੨੦ |
| ਗੁਰੂ ਮਾਨੀਅਹੁ ਗ੍ਰੰਥ | ਸ: ਪ੍ਰਹਿਲਾਦ ਸਿੰਘ ਜੀ ਐਮ.ਏ. | ੨੧ |
| ਵਾਹੁਗੁਰ ਗੁਰ - ਮੰਤਰ ਨਹੀਂ | ਐਡੀਟਰ | ੨੩ |
| ਲੋਕਾਚਾਰ ਤੇ ਗੁਰਮਤਿ | ਗਿ: ਗੋਪਾਲ ਸਿੰਘ ਜੀ ਮਿੱਤਰ | ੨੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ - ਧਰਮ | ਪ੍ਰਿੰਸੀਪਲ ਨਿਰੰਜਨ ਸਿੰਘ ਜੀ | ੨੮ |
| ਜੀਵਨ - ਤੱਤ | ਸ: ਤੇਜਾ ਸਿੰਘ ਜੀ ਕੋਹਲੀ | ੨੯ |
| ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ | ਸੂਰਾ ਪਰਵਾਰ ਵਲੋਂ | ੩੧ |
| ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ? | ਪ੍ਰੋਫੈਸਰ ਸੂਬਾ ਸਿੰਘ ਜੀ | ੩੯ |


## ਫ਼ਰਵਰੀ ੧੯੭੪ ਵਿਚ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਵਤਾਰ ਧਾਰਿਆ | ੫ ਫ਼ਰਵਰੀ |
| ਮੇਲਾ ਕੋਠਾ ਸਾਹਿਬ (ਵਲਾ ਜ਼ਿਲਾ ਅੰਮ੍ਰਿਤਸਰ) | ੬ ਫ਼ਰਵਰੀ |
| ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੨੧ ਫ਼ਰਵਰੀ |
| ਸੰਗਰਾਂਦ ਫਗਣ | ੧੨ ਫ਼ਰਵਰੀ |
| ਪੂਰਨਮਾਸ਼ੀ | ੬ ਫ਼ਰਵਰੀ |
| ਮਸਿਆ | ੨੨ ਫ਼ਰਵਰੀ |

ਜੀਊਲ ਫਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੋ ਪੌਂਡ ਵਧ ਹਨ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੧ ਫ਼ਰਵਰੀ, ੧੯੭੪ | ਅੰਕ ੨

## ਮਰਣੁ ਮੁਣਸਾ ਸੂਰਿਆ ਹਕੁ ਹੈ

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ, ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਜਾਣੋ॥
ਮਰਣੁ ਮੁਣਸਾਂ ਸੂਰਿਆ ਹਕੁ ਹੈ, ਜੋ ਹੋਇ ਮਰਹਿ ਪਰਵਾਣੋ॥

[ਵਡਹੰਸੁ ਮਹਲਾ ੧, ਪੰਨਾ ੫੮੯

ਸ੍ਰੀ ਅਨੰਦਪੁਰ ਸਾਹਿਬ ਦੇ ਕਰੜੇ ਘੇਰੇ ਸਮੇਂ ਕੁਝ ਸਿੰਘ, ਆਤਰ ਹੋ ਕੇ ਬੇਦਾਅਵਾ ਲਿਖ ਕੇ ਤੋੜ-ਵਿਛੋੜਾ ਕਰ ਗਏ। ਘਰੀਂ ਪੁਜ ਕੇ ਤਾਹਨਿਆਂ ਨਾਲ ਦੁਖੀ ਹੋਏ, ਪਸਚਾਤਾਪ ਵਿਚ ਆਏ, ਮਾਤਾ ਭਾਗ ਕੌਰ ਦੀ ਕਮਾਨ ਹੇਠ ਚਾਲੇ ਪਾਏ ਅਤੇ ਖਿਦਰਾਣੇ ਦੀ ਢਾਬ (ਮੁਕਤਸਰ) ਤੇ ਮੁਗ਼ਲਾਂ ਦਾ ਟਾਕਰਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਇਉਂ ਟੁਟੀਆਂ ਗੰਢਵਾ ਕੇ ਦਸਮੇਸ਼ ਜੀ ਤੋਂ ਚਾਲੀ ਮੁਕਤੇ ਹੋਣ ਦਾ ਮਾਣ ਪ੍ਰਾਪਤ ਕੀਤਾ। ਅਜਿਹੇ ਸੂਰਿਆਂ ਪ੍ਰਥਾਇ ਉਪਰਲਾ ਸ਼ਬਦ ਠੀਕ ਢੁਕਦਾ ਹੈ।

ਐਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ.

www.AKJ.Org

# ਗੁਰਬਾਣੀ-ਵੀਚਾਰ

## "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥"

ਐਤਕੀਂ ਸ੍ਰੀ ਦਸਮੇਸ਼ ਜੀ ਦੀ ਬਾਣੀ ਵਿਚੋਂ ਇਸ ਅੱਧੀ ਤੁਕ ਦੀ ਵਿਸਥਾਰ ਸਹਿਤ ਵਿਆਖਿਆ **ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ** ਦੀ ਕਲਮ ਰਾਹੀਂ ਕੀਤੀ ਹੋਈ ਪੇਸ਼ ਕੀਤੀ ਜਾਂਦੀ ਹੈ। ਇਸ ਵਿਆਖਿਆ ਦਾ ਸੰਬੰਧ ਸਿਖ ਦੇ ਰੋਜ਼ਾਨਾ ਜੀਵਨ ਨਾਲ ਕਾਫ਼ੀ ਗੂੜ੍ਹਾ ਹੈ। ਲੋੜ ਹੈ ਕਿ ਅਸੀਂ ਇਸ ਵਿਚੋਂ ਕੁਝ ਗ੍ਰਹਿਣ ਕਰੀਏ।

—ਐਡੀਟਰ

ਸ੍ਰੀ ਮੁਖਵਾਕਾਂ ਦੇ ਉਲਟੇ ਪੁਲਟੇ ਅਰਥ ਦੇ ਕੇ ਲੋਕਾਂ ਨੂੰ ਭਰਮਾਉਣ ਵਾਲੇ ਪੁਰਸ਼ ਟਪਲਾ-ਬਾਜ਼ ਹਨ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲਾ ਸ੍ਰੀ ਦਸਮੇਸ਼ ਵਾਕ ਸਿਰਫ਼ ਏਸ ਪ੍ਰਥਾਇ ਉਚਾਰਨ ਹੋਇਆ ਹੈ ਕਿ ਸੰਸਾਰ ਦੇ ਪ੍ਰਾਣੀ ਮਾਤਰ ਸਭ ਇਕਸਾਰ ਹਨ ਅਤੇ ਸਭੇ ਹੀ ਖ਼ਾਲਸਾ ਸਜਣ ਦੇ ਹੱਕਦਾਰ ਹਨ। ਕਿਸੇ ਦਾ ਹੱਕ ਵਿਸ਼ੇਸ਼ ਨਹੀਂ, ਕਿਸੇ ਦਾ ਘੁਟ ਨਹੀਂ। ਕੋਈ ਛੂਤ ਛਾਤ ਹੋਣ ਕਰਕੇ ਗੁਰਮਤਿ ਸੁਮਾਰਗ ਦਾ ਅਪਾਤਰ ਕੁਪਾਤਰ ਨਹੀਂ। ਜਨਮ ਜਾਤੀ ਦੇ ਕਰਮ ਭੇਦ ਦੇ ਕੁਫੇਰ ਵਿਚ ਪੈ ਕੇ ਕਿਸੇ ਪ੍ਰਾਣੀ ਨੂੰ ਗੁਰਮਤਿ ਧਰਮ ਧਾਰਨ ਦਾ ਕੁਪਾਤਰ ਦਸਣਾ ਮਹਾਂ ਅਗਿਆਨ ਹੈ।

ਪਰੰਤੂ ਇਹ ਭੀ ਦਸਣਾ ਮਹਾਂ ਅਗਿਆਨ ਹੈ ਕਿ ਕੁਦਰਤੋਂ ਉਪੰਨੇ ਕਿਰਤ ਕਰਮ ਕਰਿ ਜਾਤ ਜਨੰਮੇ ਸਭੇ ਜੀਵ ਸੁਤੇ ਹੀ ਉਧਰੇ ਹੋਏ ਹਨ। ਓਹਨਾਂ ਦੇ ਉਧਾਰਨ ਉਭਾਰਨ ਦਾ ਸੰਕਲਪੀ ਯਤਨ ਕਰਨਾ ਓਹਨਾਂ ਤੇ ਘ੍ਰਿਣਾ ਕਰਨਾ ਹੈ, ਬਲਕਿ ਐਸੇ ਵਾਕਾਂ ਦਾ ਸਿਧਾਂਤ ਏਹੋ ਹੀ ਹੈ ਕਿ ਕਿਸੇ ਪ੍ਰਾਣੀ ਮਾਤਰ ਤੋਂ ਖ਼ਾਸ ਜਾਤ ਕੁਜਾਤ ਵਿਚ ਜਨਮ ਲੈਣ ਕਰਿ ਘਿਰਣੰਤ ਮਤ ਹੋਵੋ, ਉਸ ਨੂੰ ਖ਼ਾਲਸਾ ਧਰਮ ਦੇ ਦਾਇਰੇ ਵਿਚ ਲੈਣੋਂ ਮਤ ਸਕੋਚੋ। ਗੁਰਮਤਿ ਦਾ ਦਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੈ। ਜਾਤ ਕਰਕੇ ਬੁਰੇ ਭਲੇ ਹੋਣ ਦਾ ਵਿਚਾਰ ਸਭ ਭਰਮ ਅਗਿਆਨ ਹੈ। ਏਸੇ ਵਿਸ਼ੇ ਦੀ ਪ੍ਰੋੜ੍ਹਤਾ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਵਾਕ ਹਨ। ਯਥਾ :—

> ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥

ਜਨਮ ਜਾਤਿ ਦੇ ਲਿਹਾਜ਼ ਨਾਲਿ ਖ਼ਾਲਸਾ ਜੀ ਦੀ ਦ੍ਰਿਸ਼ਟੀ ਗੋਚਰ ਮਨੁੱਖਾਂ (ਪ੍ਰਾਣੀਆਂ) ਦੀ ਊਚ ਨੀਚਤਾ ਦਾ ਭੇਦ ਨਹੀਂ। ਖ਼ਾਲਸਾ ਧਰਮ ਵਿਚ ਆਉਣ ਦੇ ਸ਼ਭ ਇਕ ਸਾਰ ਅਤੇ ਇਕ ਸਮਾਨ ਹੀ ਅਧਿਕਾਰੀ ਹਨ। ਇਸ ਅਧਿਕਾਰ ਦੀ ਪ੍ਰੀਖਿਆ ਉਹਨਾਂ ਦੀ ਅੰਤਰੀਵੀ ਯੋਗਤਾ (ਕਾਬਲੀਅਤ) ਅੰਦਰ ਹੈ। ਜਿਸ ਭੀ ਪ੍ਰਾਣੀ ਨੂੰ



www.AKJ.Org

ਪ੍ਰੇਮ ਖੇਲਣ ਦਾ ਚਾਉ ਹੋਵੇ, ਸੋ ਨਿਸੰਗ ਸਿਰ ਧਰ ਤਲੀ ਗੁਰ-ਗਲੀ ਵਿਚ ਆਵੇ । ਇਸ ਗੁਰ-ਗਲੀ ਗੁਰਮਤਿ ਮਾਰਗ ਵਿਚ ਆਉਣ ਵਾਲੇ ਪ੍ਰਾਣੀ ਮਾਤਰ ਨੂੰ ਗੁਰੂ ਸਾਹਿਬ ਅਤੇ ਗੁਰੂ ਰੂਪ ਪੰਥ, ਗੁਰੂ ਖ਼ਾਲਸਾ ਜੀ ਇਹ ਹੋਕਾ ਦੇ ਕੇ ਜੱਫੀ ਵਿਚ ਲੈਣ ਲਈ ਤਿਆਰ ਹਨ :—

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

ਜੋ ਸਭਨਾਂ ਦੀ ਰੇਣਕਾ ਹੋਵਣ ਦੇ ਪੂਰਨੇ ਪਾਵੇਗਾ, ਓਹੀ ਕੇਵਲ ਓਹੀ ਖ਼ਾਲਸਾ ਧਰਮ ਧਾਰਨ ਕਰਨ ਦਾ ਅਤੇ ਖ਼ਾਲਸਾ ਸਦਾਵਣ ਦਾ ਅਧਿਕਾਰੀ ਹੋਵੇਗਾ । ਸਭਨਾਂ ਦੀ, ਸਭ ਪ੍ਰਾਣੀਆਂ ਦੀ, ਪ੍ਰਾਣੀ ਮਾਤਰ ਦੀ ਰੇਣਕਾ ਹੋ ਕੇ ਰਹਿਣਾ, ਜਿਸ ਦੇ ਖ਼ਾਲਸ ਜੀਵਨ ਦੇ ਪੂਰਨਿਆਂ ਦਾ ਇਕ ਉੱਤਮ ਅੰਸ਼ ਹੈ, ਓਸਦੇ ਨਿਕਟ ਕਿਸੇ ਪ੍ਰਾਣੀ ਤੋਂ ਘ੍ਰਿਣਾ ਕਰਨਾ ਯਾ ਕਿਸੇ ਨੂੰ ਅਛੂਤ ਜਾਤੀ ਵਿਚ ਜਨਮਿਆ ਜਾਣ ਕੇ ਹਕੀਰ ਸਮਝਣਾ ਭਲਾ ਕਿਵੇਂ ਸੰਭਵ ਹੋ ਸਕਦਾ ਹੈ ? ਜਿਨ੍ਹਾਂ ਗੁਰਮਤਿ ਰਹਿਣੀ ਕਰਨੀ ਦੇ ਬਿਬੇਕੀ ਜਨਾਂ ਨੇ—'ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਰੂਪੀ ਗੁਰੂ-ਹੁਕਮ ਨੂੰ ਸਰਬ ਸੰਸਾਰੀਆਂ ਸੇਤੀ ਵਰਤੋਂ ਦੇ ਉਚ ਅਚਾਰ ਦਾ ਆਦਰਸ਼ ਬਣਾਇਆ ਹੋਵੇ, ਉਨ੍ਹਾਂ ਦੇ ਅੰਦਰ ਨਫ਼ਰਤ-ਭਰੀ ਛੂਤ ਛਾਤ ਦੀ ਆਣ ਕਾਣ ਕਦੋਂ ਰਹਿ ਸਕਦੀ ਹੈ ? ਜਿਨ੍ਹਾਂ ਨੂੰ ਛੂਤ ਛਾਤ ਦੀ ਕਾਣ ਹੈ, ਜਿਨ੍ਹਾਂ ਦੇ ਅੰਤਰਿ-ਆਤਮੇ ਧਰਮ ਦੀ ਅਣਖ-ਆਣ ਅਤੇ ਆਤਮ ਉਚਾਣ-ਮਈ ਤਾਣ, ਅਹਿਸਾਸ-ਸ਼ਕਤੀ ਹੈ ਨਹੀਂ, ਓਹ ਕਤੇਬੀ ਮਤ ਵਾਲਿਆਂ ਤੋਂ ਅਤੇ ਜਗਤ-ਪ੍ਰਸਿਧ ਅਛੂਤ ਜਾਤੀਆਂ ਤੋਂ ਭਰਮ ਭੇਦ ਰਖਦੇ ਹਨ ਅਤੇ ਬੇਦੀ ਮਤ ਵਾਲੀ ਹਿੰਦਵਾਨ ਦੇ ਨਾਲ ਖਾਨ-ਪਾਨ ਦੀ ਖਲਜਗਣ ਦਾ ਚਗਲਪਣ ਰਖਣ ਵਿਚ ਖਚਿਤ ਰਹਿੰਦੇ ਹਨ ।

ਅਸਾਡੇ ਨਜ਼ਦੀਕ ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਬ੍ਰਹਿਮਣ, ਛਤਰੀ, ਸ਼ੂਦਰ, ਵੈਸ਼, ਡੋਮ, ਚੰਡਾਲ, ਮਲੇਛ, ਹਬਸ਼ੀ, ਸਭ, ਮਨੁੱਖ ਦੀ ਏਕੈ ਜਾਤ ਵਿਚੋਂ ਹੋਣ ਕਰਕੇ ਸਮਾਨ ਤੇ ਇਕਸਾਰ ਹਨ । ਯਥਾ ਗੁਰਵਾਕ :—

ਬ੍ਰਹਮਨ ਬੈਸ ਸੂਦ ਅਰ ਖ੍ਯ੍ਰੀ ਡੋਮ ਚੰਡਾਰ
ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ
ਤੇ ਆਪੁ ਤਾਰਿ ਤਾਰੇ ਕੁਲ ਦੋਇ ॥
[ਬਿਲਾਵਲ ਰਵਿਦਾਸ

ਅਤੇ ਖ਼ਾਲਸਾ ਸਜਣ ਦਾ ਅਧਿਕਾਰ ਵੀ ਸਭਨਾਂ ਦਾ ਇਕ ਸਮਾਨ ਅਤੇ ਇਕੋ ਜਿਹਾ ਹੈ। ਪ੍ਰੰਤੂ ਬਿਨਾਂ ਖ਼ਾਲਸਾ ਸਜਾਏ ਤੇ, ਓਹਨਾਂ ਨਾਲ ਖਾਨ-ਪਾਨ ਦੀ ਅਭੇਦਤਾ ਕਰਨਾ ਆਪ ਅੰਨ੍ਹੇ ਖਾਤੇ ਵਿਚ ਫਿਰ ਮੁੜ ਕੇ ਡਿਗਣਾ ਅਤੇ ਓਹਨਾਂ ਨੂੰ ਡਿਗੇ ਰਹਿਣ ਦੇਣਾ ਹੈ । ਇਹ ਮਿੱਤਰਤਾ ਨਹੀਂ ! ਓਹਨਾਂ ਦੇ ਨਾਲ ਉਲਟਾ ਵੈਰ ਕਰਨਾ ਹੈ ਅਤੇ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੈ । ਗੁਰਮਤਿ ਰੂਪੀ ਸੱਚੇ ਧਰਮ ਤੋਂ ਹੀਣੇ ਬੇਦੀਨ ਪੁਰਸ਼ਾਂ ਨਾਲ ਅਥਵਾ ਖ਼ਾਲਸਾ ਧਰਮ ਤੋਂ ਪਤਿਤ ਪੁਰਸ਼ਾਂ ਨਾਲ ਅਭੇਦ ਵਰਤਾਉ ਰਖਣਾ ਮਾਨੋ ਓਹਨਾਂ ਨੂੰ ਪਤਿਤੋਂ ਪਵਿੱਤਰ ਹੋ ਜਾਣ ਵਾਲੀ ਪਉੜੀ ਉਤੇ ਨਾ ਚੜ੍ਹਨ ਦੇਣਾ ਹੈ ਅਤੇ ਖ਼ਾਲਸਾ ਧਰਮ ਤੋਂ ਵਾਂਜੇ ਰਖਣਾ ਹੈ ਅਤੇ ਪਤਿਤ ਦਾ ਪਤਿਤ ਹੀ ਰਹਿਣ ਦੇਣ ਦੀ ਹਲਾਸ਼ੇਰੀ ਦੇਣਾ ਹੈ । ਕੀ ਓਹ ਓਹਨਾਂ ਨਾਲ ਵੈਰ ਤੇ ਧ੍ਰੋਹ ਕਮਾਉਣਾ ਨਹੀਂ ? ਜਦੋਂ ਖਲ ਖੰਡ ਦਾ ਇਕੋ ਭਾ ਹੋ ਗਿਆ ਤਾਂ ਪਤਿਤ ਤੋਂ ਪਵਿੱਤਰ ਹੋਣ ਦੀ ਤਾਂਘ ਕਿਥੇ ਰਹੀ ? ਅਤੇ ਧਰਮ-ਸੂਨ ਅਵਸਥਾ ਵਿਚੋਂ ਨਿਕਲ ਕੇ ਧਰਮ-ਸੀਲ ਹੋਣ ਦਾ ਉਮਾਹ ਕਿਥੇ ਰਿਹਾ ?

ਸੱਚੇ ਧਰਮ ਦੀ ਸੱਚੀ ਪਾਣ ਚੜ੍ਹੇ ਬਿਨਾਂ, ਜੇ ਤਾਂ ਨਿਰੀ ਖਾਣ ਪੀਣ ਦੀ ਖਲਜਗਣ ਨਾਲ ਹੀ ਕਿਸੇ ਪਤਿਤ ਪੁਰਸ਼ ਦਾ ਜੀਵਨ ਪਵਿੱਤਰ ਹੋ ਸਕਦਾ ਹੋਵੇ ਯਾ ਕੋਈ ਧਰਮ-ਹੀਣ, ਬੇਦੀਨ ਪ੍ਰਾਣੀ ਖ਼ਾਲਸ ਧਰਮੀ ਅਤੇ ਸੱਚਾ ਦੀਨਦਾਰ ਬਣ ਸਕਦਾ ਹੋਵੇ, ਤਦ ਤਾਂ ਖਾਨ-ਪਾਨ ਦੀ ਬੇਤਮੀਜ਼ ਅਭੇਦਤਾ ਨੂੰ ਇਕ ਮੰਨਣ-ਯੋਗ (ਕਾਬਲਿ-ਤਸਲੀਮ) ਜਾਦੂ ਭਰਿਆ ਮਸਲਾ ਸਮਝਿਆ ਜਾ ਸਕਦਾ ਹੈ । ਪਰ ਜੇ ਇਹ ਨਿਰੀ ਖਲ-ਜਗਣ ਅਤੇ ਚਗਲਪੁਣਾ ਹੀ ਹੈ ਅਤੇ ਇਸ ਵਿਚ ਅਸਲ ਸਚਾਈ, ਭਲਾਈ ਜਾਂ ਬਰਕਤ ਕੁਛ ਭੀ ਨਹੀਂ ਤਾਂ ਇਹ ਨਿਰਾ ਲਾਭ-ਹੀਣ, ਬੇਸਮਝੀ ਅਤੇ ਮਨ ਦੀ ਮਤ ਦਾ ਥੋਥਾ ਤੇ ਫੋਕਾ ਢਕੌਂਸਲਾ ਹੈ, ਜਿਸ ਨੂੰ ਰੱਦੀ ਦੇ ਟੋਕਰੇ ਵਿਚ ਸਿਟ ਕੇ ਕੂੜੇ ਘਟੇ ਵਿਚ ਮਿਲਾ ਦੇਣਾ ਹੀ ਉਚਿਤ ਹੈ। ਅਸੀਂ ਜੇ ਬੇਦੀਨ ਧਰਮ-ਹੀਣਾਂ ਨੂੰ ਉਭਾਰਨਾ ਹੈ ਤਾਂ


www.AKJ.Org

ਆਪਣੇ ਨਿਜ ਧਰਮ ਦੀ ਸਚਾਈ ਖ਼ਾਲਸਤਾਈ ਵਾਲੇ ਅਮਲੀ ਜੀਵਨ-ਮਈ ਖ਼ਾਲਸ ਪੂਰਨੇ ਪਾ ਕੇ ਉਭਾਰਨਾ ਹੈ। ਅਸਾਡੇ ਜੀਵਨ-ਪੂਰਨਿਆਂ ਦੀ ਵਿਲੱਖਣਤਾ ਨੇ ਹੀ ਉਕਤ ਮਨ-ਮਤੀਆਂ ਦੇ ਅੰਦਰ ਅਸਲ ਅਕ੍ਰਖਣੀ ਖਿਚ ਉਤਪੰਨ ਕਰਨੀ ਹੈ ਅਤੇ ਇਸ ਖਿਚ ਦੁਆਰਾ ਖਿਚੇ ਜਾ ਕੇ ਹੀ ਉਹਨਾਂ ਨੇ ਖ਼ਾਲਸਾ ਧਰਮ ਅੰਦਰ ਆਉਣਾ ਹੈ ਅਤੇ ਖ਼ਾਲਸਾ ਜੀ ਨੇ ਸਭ ਸੰਸਾਰੀਆਂ ਤੋਂ ਨਿਆਰੇ ਅਤੇ ਨਿਰਲੇਪ, ਜਲ ਕੰਵਲ ਵਤ ਅਲੇਪ ਰਹਿ ਕੇ ਗੁਰਮਤਿ ਧਰਮ ਦੇ ਅਸੂਲਾਂ ਉਤੇ ਚਲਣਾ ਹੈ । ਅਰਥਾਤ ਖ਼ਾਲਸਾ ਧਰਮ ਦੀਆਂ ਰਹਿਤ-ਰਹਿਣੀਆਂ ਨੂੰ ਕਮਾਵਣਾ ਹੈ ਅਤੇ ਏਹਨਾਂ ਨਿਆਰੀਆਂ ਨਿਰਲੇਪ ਕਮਾਈਆਂ ਦੁਆਰਾ ਪਹਿਲਾਂ ਆਪਣਾ ਆਪ ਪ੍ਰਬੋਧ ਕੇ ਪਾਛੈ ਅਵਰਾਂ ਨੂੰ ਰੀਝਾਵਣਾ ਹੈ ਅਤੇ ਇਸ ਆਪ ਪ੍ਰਬੋਧਣ ਦੇ ਪ੍ਰਯਤਨ ਅੰਦਰ ਕੁਸੰਗੀਆਂ, ਕੁਮੱਤੀਆਂ, ਕੁਕਰਮੀਆਂ ਦਾ ਕੁਸੰਗ, ਕੁਮੱਤ, ਕੁਕਰਮ ਭਰਿਆ ਕੁਲਛਣ ਲੇਸ ਆਪਣੇ ਆਪ ਨੂੰ ਨਾ ਲਗਣ ਦੇਣਾ ਗੁਰਮਤਿ ਬਿਬੇਕੀ ਜਨਾਂ ਦੀ ਖ਼ਾਲਸਈ ਸੂਰਮਤਾਈ ਦਾ ਇਕ ਉਤਮ ਕਾਰਨਾਮਾ ਹੈ,ਨਾ ਕਿ ਨਫ਼ਰਤ ਦਾ ਨਮੂਨਾ ਕਾਇਮ ਕਰਨਾ ।

ਗੁਰਮਤਿ ਜਗਿਆਸਾ ਦੀ ਅਲੂੜ੍ਹ ਅਵਸਥਾ ਅੰਦਰਿ ਬੇਦੀਨ ਧਰਮਹੀਨ ਆਨਮਤੀ ਪੁਰਸ਼ਾਂ ਦੀ ਕੁਸੰਗ-ਦੋਸਤੀ ਤੋਂ ਦੂਰ ਰਹਿਣਾ ਅਤੇ ਓਹਨਾਂ ਦੇ ਨਾਲ ਖਾਨ-ਪਾਨ ਦੀ ਵਰਤੋਂ ਵਿਉਹਾਰ ਤੋਂ ਬਚੇ ਬਰਜੇ ਰਹਿਣਾ ਉਕਤ ਪੁਰਸ਼ਾਂ ਦੀ ਜਾਤ ਤੋਂ ਨਫ਼ਰਤ ਕਰਨਾ ਨਹੀਂ, ਬਲਕਿ ਉਹਨਾਂ ਦੀ ਜਾਤ ਦੇ ਅੰਦਰਿ, ਜਾਤੀ ਅਚਾਰ ਦੇ ਅੰਦਰਿ ਧਸੇ ਅਤੇ ਰਮੇ ਹੋਏ (ਕ੍ਰਾਨਿਕ chronic) ਪੁਰਾਣੇ ਰੋਗਾਂ ਦੀ ਕੁਵੇੜ੍ਹੀ ਤੇ ਕਸੂਤੀ ਲਾਗ ਕੁਲਾਗ ਤੋਂ ਬਚੇ ਰਹਿਣ ਦਾ ਪਰਹੇਜ਼ (ਪੱਥ) ਰਖਣਾ ਹੈ । ਜਿਨ੍ਹਾਂ ਅਭਾਗੇ ਪ੍ਰਾਣੀਆਂ ਦਾ ਮੁੱਢ-ਕਦੀਮਾਂ ਤੋਂ ਹੀ ਸਤਿਸੰਗ ਵਿਚ ਨਿਵਾਸ ਨਹੀਂ ਹੁੰਦਾ ਅਤੇ ਬਚਪਨ ਤੋਂ ਹੀ ਜਿਨ੍ਹਾਂ ਦਾ ਭੈੜੇ ਕੁਸੰਗ ਨਾਲ ਕੁਵੇੜ੍ਹਾ ਵਾਹ ਪਿਆ ਰਹਿੰਦਾ ਹੈ, ਉਹ ਉਕਤ ਕ੍ਰਾਨਿਕ ਰੋਗਾਂ ਨਾਲ ਗ੍ਰਸੇ ਜਾਣ ਕਰਕੇ ਸਦਾ ਲਈ ਪੀੜਤ ਰਹਿਣ ਕਰਿ, ਅਕਸਰ ਕੂਕ ਪੁਕਾਰ ਕਰਿਆ ਕਰਦੇ ਹਨ । ਇਸ ਲਈ ਗੁਰੂ ਕਾ ਹੁਕਮ ਹੈ ਕਿ :—

"ਸਚੀ ਬੈਸਕ ਤਿਨ੍ਾ ਸੰਗਿ
ਜਿਨਿ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ
ਨਾਨਕ ਜਿਨ੍ਾ ਆਪਣਾ ਸੁਆਉ ॥"

ਤਥਾ :—

"ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ ॥"

ਅਤੇ ਮਨਮੁਖ ਦਾ ਕਰਤੂਤੀ ਲੱਛਣ ਹੋਰ ਕੀ ਹੈ—

"ਨਾਮੁ ਨ ਚੇਤਹਿ ਸਬਦੁ ਨ ਬੀਚਾਰਹਿ
ਇਹੁ ਮਨਮੁਖ ਕਾ ਆਚਾਰੁ ॥"

ਅਜਿਹੇ ਮਨਮੁਖਾਂ, ਸਾਕਤਾਂ, ਅਧਰਮੀਆਂ, ਬੇਦੀਨਾਂ ਦੇ ਨਾਲ ਮੇਲ-ਜੋਲ ਰਖਣ ਤੋਂ ਜੋ ਗੁਰਸਿਖ ਨੂੰ ਗੁਰਮਤਿ ਬਿਬੇਕ ਸੰਦੇ ਗੁਰ-ਹੁਕਮਾਂ ਦੁਆਰਾ ਜੋੜਿਆ ਗਿਆ ਹੈ, ਇਸਦਾ ਭਾਵ ਇਹੀ ਹੈ ਕਿ ਓਹਨਾਂ ਦੇ ਕੁਸੰਗ ਲਛਣ ਦੀ ਲਾਗ (ਕੁਲਾਗ) ਵਾਲਾ ਲੇਸ (ਕੁਲੇਸ) ਨਾ ਲਗਣਾ ਪਾਵੇ। ਇਸ ਲੇਸ-ਲਾਗ ਤੋਂ ਆਪਣਾ ਆਪ ਬਚਾਵਣ ਲਈ (ਬੇਲਾਗ ਰਖਣ ਲਈ) ਕਿਸੇ ਆਨਮਤੀ ਦੇ ਸੰਗ ਕੁਸੰਗ ਤੋਂ ਵਰਜੇ ਰਹਿਣਾ, ਉਸ ਦੇ ਨਾਲ ਨਫ਼ਰਤ ਕਰਨ ਨਮਿਤ ਨਹੀਂ, ਕਿੰਤੂ ਆਪਾ ਪ੍ਰਬੋਧਣ ਨਮਿਤ ਹੈ ਅਤੇ ਐਸਾ ਕਰਨਾ ਗੁਰ-ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨਾ ਹੈ,ਜੋ ਕਿ ਹਰ ਇਕ ਸਚਿਆਰ ਸਿਖ ਦਾ ਫ਼ਰਜ਼ ਹੈ।ਜਦ ਕਿ ਆਨਮਤੀਆਂ ਦੇ ਨਾਲ ਸੰਗ-ਕੁਸੰਗ-ਮਈ ਦੋਸਤੀ ਦਾ ਰਖਣਾ ਹੀ ਗੁਰਮਤਿ ਬਿਬੇਕ ਅਸੂਲਾਂ ਦੇ ਪ੍ਰਤਿਕੂਲ ਹੈ, ਤਦ ਓਹਨਾਂ ਦੇ ਨਾਲ ਖਾਨ ਪਾਨ ਦਾ ਵਰਤੋਂ ਵਿਹਾਰ ਰਖਣਾ ਕਦ ਗੁਰਮਤਿ ਅਨੁਕੂਲ ਹੋ ਸਕਦਾ ਹੈ?ਇਸ ਕਰਕੇ ਬੇਦੀਨਾਂ ਕੀ ਦੋਸਤੀ ਦੇ ਨਾਲ ਲਗਦਾ 'ਬੇਦੀਨਾਂ ਕਾ ਖਾਣ' ਭੀ ਗੁਰਮਤਿ ਬਿਬਰਜਤ ਕਰਮ ਗਰਦਾਨਿਆ ਗਿਆ, ਕਿਉਂਕਿ ਉਕਤ ਦੋਹਾਂ ਬਿਬਰਜਤ ਕਰਮਾਂ ਦੇ ਕਰਨ ਕਰਿ :—

"ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥"

ਵਾਲਾ ਕਲੰਕ ਲਗਦਾ ਹੈ।

[ਪੁਸਤਕ 'ਗੁਰਮਤਿ ਬਿਬੇਕ' ਵਿਚੋਂ


www.AKJ.Org

# ਭਾਈ ਸਰਵਣ ਸਿੰਘ ਜੀ ਫਲੇਵਾਲ

## [ਉਚੀਆਂ ਆਤਮਕ ਅਟਾਰੀਆਂ ਵਿਚ ਵਿਚਰਨਾ,ਹਉਮੈ ਦੀ ਖਾਈ ਵਿਚ ਡਿਗਣਾ,ਅਤੇ ਦੁਬਾਰਾ ਬਖ਼ਸ਼ਸ਼ ਹੋਣੀ]

[ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਵੀਰ ਭਾਈ ਸਰਵਣ ਸਿੰਘ ਜੀ ਬੜੇ ਅਥੱਕ ਕੀਰਤਨੀਏ ਸਨ । ਪੰਚਮ ਦੀ ਸੁਰ ਤੋਂ ਹੇਠਾਂ ਕਦੇ ਕੀਰਤਨ ਨਹੀਂ ਕਰਦੇ ਸਨ । ਪ੍ਰੇਮ ਦੀ ਗੁੰਜਾਰ ਵਿਚ ਕੀਰਤਨ ਦੀ ਧੁੰਨਕਾਰ ਕਦੇ ਮੁਕਣੀ ਹੀ ਨਹੀਂ ਪਾਉਂਦੀ ਸੀ। ਚੜ੍ਹਦੀ ਤੋਂ ਚੜ੍ਹਦੀ ਕਲਾ ਵਿਚ ਕੀਰਤਨ ਕਰਨਾ । ਢੋਲਕੀ ਬਜਾਉਣੀ, ਤਦ ਵੀ ਹਦ ਮੁਕਾ ਦੇਣੀ । ਇਨ੍ਹਾਂ ਦੀਆਂ ਬਾਹਵਾਂ ਕਦੇ ਨਹੀਂ ਥਕਦੀਆਂ ਸਨ, ਹੱਥ ਕਦੇ ਨਹੀਂ ਅੰਬਦੇ ਸਨ।

ਕੀਰਤਨ ਕਰਦੇ ਕਰਦੇ, ਅਭਿਆਸ ਵਿਚ ਮਸਤ ਹੋ ਕੇ ਦਸਵੇਂ ਦੁਆਰ ਜਾ ਚੜ੍ਹਨਾ । ਦਸਵੇਂ ਦੁਆਰ ਜਾ ਚੜ੍ਹਨ ਦੀ ਕੜੱਕ ਕਰ ਕੇ ਅਵਾਜ਼ ਆਉਣੀ । ਫਿਰ ਤਾਂ ਉਨ੍ਹਾਂ ਦਾ ਸਰੀਰ ਘੰਟਿਆਂ ਬੱਧੀ ਬੇ-ਹਿਸੋ-ਹਰਕਤ ਹੀ ਰਹਿਣਾ। ਇਸ ਅਵਸਥਾ ਵਿਚ ਉਨ੍ਹਾਂ ਦਾ ਸਾਰਾ ਸਰੀਰ ਲੋਹੇ ਦੀ ਲੱਠ ਵਾਂਗ ਕਰੜਾ ਤੇ ਸਖ਼ਤ ਹੋ ਜਾਣਾ। ਹਿਲਣਾ ਜੁਲਣਾ ਤਾਂ ਕੀ ਸੀ, ਸਾਹ ਸਤ ਵੀ ਆਵਣਾ ਬੰਦ ਹੋ ਜਾਣਾ। ਕਈ ਵਾਰ ਅਜ਼ਮਾ ਕੇ ਦੇਖਿਆ ਗਿਆ ਕਿ ਇਸ ਦਸ਼ਾ ਵਿਚ ਉਨ੍ਹਾਂ ਦੀ ਲੋਹੇ-ਲੱਠ-ਹੋਈ-ਬਾਂਹ ਨੂੰ ਦਸ ਦਸ ਆਦਮੀ ਵੀ ਮੋੜ-ਮਚੋੜ ਨਹੀਂ ਸਕਦੇ ਸਨ। ਬਾਹਵਾਂ ਨੇ ਸਿਧੀਆਂ ਸੜੋਰ ਹੀ ਰਹਿਣਾ । ਜਿਨ੍ਹਾਂ ਸ਼ਬਦ-ਮਾਰਗੀ ਗੁਰਮੁਖ ਜਨਾਂ ਨੇ ਉਨ੍ਹਾਂ ਦੀ ਇਸ ਦਸ਼ਾ ਦਾ ਭੇਦ ਪਾ ਲਿਆ ਸੀ, ਉਨ੍ਹਾਂ ਨੇ ਤਾਂ ਭਾਈ ਸਰਵਣ ਸਿੰਘ ਜੀ ਨੂੰ ਹਮੇਸ਼ਾ ਆਪਣੇ ਰੰਗਾਂ ਵਿਚ ਹੀ ਰਹਿਣ ਦੇਣਾ, ਕਦੇ ਹਿਲਾਵਣਾ, ਚਲਾਉਣਾ, ਬੁਲਾਉਣਾ ਨਹੀਂ । ਆਤਮ-ਤ੍ਰੰਗ ਮੁੜਵੀਂ ਵੇਗ ਵਿਚ ਜਦੋਂ ਉਨ੍ਹਾਂ ਦੇ ਸੁਆਸ ਦਸਵੇਂ ਦੁਆਰ ਤੋਂ ਉਤਰ ਆਉਣੇ, ਤਦੋਂ ਉਨ੍ਹਾਂ ਦਾ ਸਾਰਾ ਸਰੀਰ ਹਲਕਾ ਫੁਲਕਾ ਅਤੇ ਲਿਸ਼ਕਵਾਂ ਨਿਕਲ ਆਉਣਾ, ਇਹ ਸਾਡੀ ਅੱਖੀਂ ਦੇਖੀ ਸ਼ਹਾਦਤ ਹੈ । ਇਸ ਬਿਸਮਾਦੀ ਖੇਡ ਤੋਂ ਅਸੂਝ ਅਤੇ ਅਮੂੜ ਪ੍ਰਾਣੀ ਤਾਂ ਅਕਸਰ ਇਹੋ ਬਕਵਾਸ ਕਰਿਆ ਕਰਦੇ ਸਨ ਕਿ ਇਨ੍ਹਾਂ ਨੂੰ ਮਿਰਗੀ ਦੀ ਬਿਮਾਰੀ ਹੈ । ਸੋਵਤ-ਜਾਗਤ, ਚਲਤ-ਫਿਰਤ, ਮਾਰਗੀਂ ਧਾਵਤ ਇਨ੍ਹਾਂ ਦਾ ਸੁਆਸ ਅਭਿਆਸੀ ਖੰਡਾ ਹਮੇਸ਼ਾ ਜ਼ੋਰ-ਸ਼ੋਰ ਨਾਲ ਖੜਕਦਾ ਰਹਿੰਦਾ ਸੀ।

ਕਈ ਸਮੇਂ ਐਸੇ ਆਏ ਕਿ ਰਾਹੀਂ ਪਾਂਧੀਂ ਤੁਰਿਆਂ ਜਾਂਦਿਆਂ ਭਾਈ ਸਰਵਣ ਸਿੰਘ ਜੀ ਨੇ ਬਿਸਮਾਦ-ਮੂਰਛਤ ਹੋ ਕੇ ਡਿਗ ਪੈਣਾ ਤੇ ਘੰਟਿਆਂ ਬਧੀ ਇਕੱਲਿਆਂ ਨੇ ਡਿਗੇ ਪਏ ਰਹਿਣਾ । ਰਾਹੀਆਂ ਪਾਂਧੀਆਂ ਨੇ ਇਨ੍ਹਾਂ ਨੂੰ ਮੁਰਦਾ ਸਮਝ ਕੇ ਡਰ ਕੇ ਨਸ ਜਾਣਾ । ਕਈ ਵਾਰ ਲਾਗ ਦੀ ਵਸੋਂ ਵਿਚ ਆ ਕੇ ਦੁਹਾਈਆਂ ਪਾਣੀਆਂ ਕਿ ਫਲਾਣੀ ਜਗ੍ਹਾ ਤੇ ਇਕ ਸਿੰਘ ਮਰਿਆ ਪਿਆ ਹੈ, ਉਹਨੂੰ ਜਾ ਕੇ ਚੁਕ ਲਿਆਓ ? ਜਾਣ ਵਾਲਿਆਂ ਹਮ-ਦਰਦੀਆਂ ਨੇ ਜਾਣਾ, ਜਾ ਕੇ ਕੀ ਵੇਖਣਾ—ਸਿੰਘ ਹੋਰੀ ਸਮਾਧ-ਸਥਿਤ ਹੋਏ ਬੈਠੇ ਖੰਡਾ ਖੜਕਾ ਰਹੇ ਹਨ।

ਬੈਰਾਗੀ ਤਿਆਗੀ ਐਸੇ ਸਨ ਕਿ "ਨਾ ਘਰ ਘਾਮ ਦੀ ਨਾ ਧਨ ਧਾਮ ਦੀ" ਇਨ੍ਹਾਂ ਨੂੰ ਕਦੇ ਫ਼ਿਕਰ-ਚਿੰਤਾ ਦੀ ਸਝ ਰਹਿਣੀ ਹੀ ਨਹੀਂ, ਗੁਰੂ ਆਸਰੇ ਨੰਬਰਦਾਰੀ ਦੀ ਕ੍ਰਿਤ ਕਮਾਉਣੀ, ਲਟਬਉਰੀ ਦਸ਼ਾ ਵਿਚ ਢਾਲ ਉਗ੍ਰਾਹੁਣੀ ਅਤੇ ਲਟਬਉਰੀ ਦਸ਼ਾ ਵਿਚ ਖ਼ਜ਼ਾਨੇ ਤਾਰਨ ਲਈ ਲੁਧਿਆਣੇ ਲੈ ਜਾਵਣੀ। ਇਕ ਦੋ ਐਸੇ ਸਮੇਂ ਭੀ ਹੋਏ ਕਿ ਇਸ ਬਿਧ ਇਕੱਠੀ ਹੋਈ ਢਾਲ ਦੇ ਪੰਜ ਪੰਜ ਸੌ ਦਮੜੇ ਉਚੱਕਿਆਂ ਨੇ ਚੱਕ ਕੇ ਇਨ੍ਹਾਂ ਦੇ ਪਾਸ ਤੋਂ ਲੈ ਜਾਵਣੇ ਤੇ ਹਸੂੰ ਹਸੰ ਕਰਦਿਆਂ ਇਨ੍ਹਾਂ ਨੇ ਮੁੜ ਆਉਣਾ, ਪਿੰਡ ਫਲੇਵਾਲ ਨਹੀਂ ਜਾਣਾ, ਕਿ ਲੋਕੀ ਢਾਲ ਦੇ ਰੁਪੈ ਦਾ ਤਕਾਜ਼ਾ ਕਰਨਗੇ। ਮੈਨੂੰ ਆ ਕੇ ਨਾਰੰਗਵਾਲ ਦਸਣਾ— "ਬਈ, ਢਾਲ ਤਾਂ ਅਜ ਕੋਈ ਚੁਕ ਕੇ ਲੈ ਗਿਆ ਹੈ।" ਅਸੀਂ ਆਖਣਾ, "ਹਛਾ ਬਈ, ਵਾਹਿਗੁਰੂ ਰਾਖਾ ਹੈ।" ਇਹ ਸੁਣ ਕੇ ਕੱਛਾਂ ਵਜਾਉਂਦਿਆਂ ਅਤੇ ਚਾਂਭੜਾਂ ਪਾਉਂਦਿਆਂ, ਇਹ ਕਹਿੰਦਿਆਂ ਚਲੇ ਜਾਣਾ ਕਿ ਜੇ ਗੁਰੂ ਰਾਖਾ ਹੈ ਤਾਂ ਆਪੇ ਲਭ ਪਵੇਗੀ। ਐਸੀ ਨੇਤ ਹੋਣੀ ਕਿ ਮੁੜ ਕੇ ਫਲੇਵਾਲ ਵਲ ਜਾਂਦਿਆਂ ਨੂੰ ਢਾਲ ਦੇ ਦਮੜੇ ਲਭ ਪੈਣੇ।

ਢਾਲ ਦੇ ਉਚੱਕਿਆਂ ਨੂੰ ਪੁਲਸ ਨੇ ਫੜ ਕੇ ਉਨ੍ਹਾਂ ਦੇ ਪਾਸ ਲੈ ਜਾਣਾ । ਭਾਈ ਸਰਵਣ ਸਿੰਘ ਜੀ ਨੂੰ ਆਖਣਾ, ਦਸੋ ਭਾਈ ਸਾਹਿਬ, ਇਨ੍ਹਾਂ ਨੂੰ ਕੀ ਸਜ਼ਾ ਦਿਵਾਈਏ। ਭਾਈ ਸਰਵਣ ਸਿੰਘ ਨੇ ਉਲਟੇ ਪੁਲਸ ਦੇ ਪੈਰੀਂ ਪੈ ਕੇ ਉਨ੍ਹਾਂ ਚੋਰਾਂ-ਉਚੱਕਿਆਂ ਨੂੰ ਛੁਡਾ ਦੇਣਾ। ਅਤੇ ਉਚੱਕਿਆਂ ਤੇ ਤਰਸ ਖਾ ਕੇ ਉਨ੍ਹਾਂ ਨੂੰ ਕਹਿਣਾ— "ਭਾਈ ਤੁਹਾਨੂੰ ਲੋੜ ਹੈ ਤਾਂ ਲੈ ਜਾਓ, ਸਾਨੂੰ ਗੁਰੂ ਹੋਰ ਦੇਵੇਗਾ।" ਕਈ ਚੋਰ-ਉਚੱਕੇ, ਧਾੜਵੀ ਭਾਈ ਸਰਵਣ ਸਿੰਘ ਜੀ ਦੀ ਇਸ ਦਸ਼ਾ ਤੋਂ ਮੁਅੱਸਰ ਹੋ ਕੇ ਸਿਖ ਸਜ ਗਏ ਅਤੇ ਅਗੇ ਨੂੰ ਪਵਿੱਤਰ ਜੀਵਨੀ ਜੀਵਨ ਬਤੀਤ ਕਰਨ ਲਗੇ। ਭਾਈ ਸਰਵਣ ਸਿੰਘ ਜੀ ਨੂੰ ਕਦੇ ਗੁੱਸਾ ਆਉਂਦਾ ਹੀ ਨਹੀਂ ਸੀ।

* * * *

ਭਾਈ ਸਰਵਣ ਸਿੰਘ ਜੀ ਦਾ ਜੀਵਨ ਇਕ ਅਲੌਕਿਕ ਸਿਖੀ ਜੀਵਨ ਹੋ ਗੁਜ਼ਰਿਆ ਹੈ। ਉਹ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਵੀ ਸਨ। ਲਗਾਤਾਰ ਸਤ ਸਤ ਘੰਟੇ ਪਾਠ ਕਰੀ ਜਾਣਾ ਅਤੇ ਪੰਚਮ ਸੁਰ ਦੀ ਉਚੀ ਧੁਨ ਵਿਚ ਪਾਠ ਕਰਨਾ। ਉਨ੍ਹਾਂ ਦਾ ਪਾਠ ਪਿੰਡ ਵਿਚ ਬੜੀ ਦੂਰ ਦੂਰ ਤਾਈਂ ਸੁਣਿਆ ਜਾਂਦਾ ਸੀ। ਲਾਊਡ-ਸਪੀਕਰ ਇਸ ਧੁਨੀ ਦੇ ਨਜ਼ਦੀਕ ਕਿਆ ਚੀਜ਼ ਹਨ! ਓਦੋਂ ਲਾਊਡ-ਸਪੀਕਰ ਹੈ ਭੀ ਨਹੀਂ ਸਨ। ਉਨ੍ਹਾਂ ਦੇ ਅਖੰਡ ਪਾਠ ਦੇ ਵੇਗ ਦੀ ਇਕ ਵਿਸਮਾਦ-ਜਨਕ ਅਲੌਕਿਕਤਾ ਇਹ ਹੈਸੀ ਕਿ ਮੁਖਾਰਬਿੰਦ ਤੋਂ ਸਾਰੇ ਜ਼ੋਰ ਨਾਲ ਬੈਖਰੀ ਬਾਣੀ ਦਵਾਰਾ, ਰਸਨਾ ਰਾਹੀਂ ਅਖੰਡਪਾਠ ਉਚੀ ਧੁਨੀ ਵਿਚ ਕਰਨਾ ਅਤੇ ਨਾਲ ਦੇ ਨਾਲ ਹੀ ਸਵਾਸ-ਅਭਿਆਸੀ, ਸ਼ਬਦ-ਸੁਰਤਾਸੀ ਨਾਮ ਦਾ ਖੰਡਾ ਭੀ ਖੜਕਾਈ ਚਲੇ ਜਾਣਾ।

ਇਸ ਅਲੌਕਿਕ ਕਲਾ ਦੇ ਪਰਤਾਪ ਕਰਕੇ ਨਾਭੀ ਵਿਚ ਸਵਾਸ ਦਬਾ ਕੇ ਇਕੋ-ਸਾਹ ਦੋ ਦੋ ਪਤਰੇ ਪਾਠ ਕਰੀ ਜਾਣੇ, ਉਸ ਸਮੇਂ ਉਨ੍ਹਾਂ ਦੇ ਚਿਹਰੇ ਤੇ ਓਹ ਕਮਾਲ ਜਮਾਲੀ ਜਲਾਲ ਆਉਣਾ, ਜਿਸ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ। ਉਨ੍ਹਾਂ ਦੀ ਜਲਾਲ-ਮਸਤ ਰੰਗ-ਚਲੂਲੀ ਆਤਮ-ਅਵਸਥਾ, ਉਨ੍ਹਾਂ ਨੂੰ ਅਜਿਹਾ ਹਾਲੋਂ ਬੇਹਾਲ ਕਰ ਦਿੰਦੀ ਸੀ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਸੁਧ ਬੁਧ ਭੁੱਲ ਜਾਣੀ।

ਏਸ ਕਮਲੀ ਰਮਲੀ ਦਸ਼ਾ ਵਿਚ ਦੇਖ ਕੇ ਉਨ੍ਹਾਂ ਦੇ ਨਿਕਟ ਕਟੰਬੀਆਂ ਨੂੰ ਇਕ ਵਾਰ ਇਹ ਵਹਿਮ ਹੋ ਗਿਆ ਕਿ ਭਾਈ ਸਰਵਣ ਸਿੰਘ ਜੀ ਪਾਗਲ ਹੋ ਗਏ ਹਨ। ਇਉਂ ਅਤੇ ਇਸ ਪਰਕਾਰ ਦੇ ਵਹਿਮਾਂ ਵਿਚ ਆ ਕੇ ਮੂਰਖ ਮਤ ਵਾਲਿਆਂ ਸੰਸਾਰੀ ਸੰਬੰਧੀਆਂ ਨੇ ਭਾਈ ਜੀ ਨੂੰ ਇਕ ਤਕੜੇ ਮੋਟੇ ਸੰਗਲ ਨਾਲ ਨਰੜ ਕੇ ਥੰਮ ਨਾਲ ਬੰਨ੍ਹ ਦਿਤਾ। ਅੱਠ ਪਹਿਰ ਬੰਨ੍ਹੀ ਰਖਿਆ, ਸਿੰਘ ਹਮੈਤੀ ਉਨ੍ਹਾਂ ਦੇ ਨੇੜੇ ਕੋਈ ਹੈ ਨਹੀਂ ਸੀ। ਸਿਆਲ ਦਾ ਮੌਸਮ ਸੀ। ਤਕੜਾ ਬੁਖ਼ਾਰ ਭੀ ਕੋਈ ੧੦੬ ਡਿਗਰੀ ਦਾ ਆ ਕੇ ਸੇਵਾ ਕਰਨ ਲਗ ਪਿਆ। ਇਸ ਦਸ਼ਾ ਵਿਚ ਵੀ ਉਹ ਘਬਰਾਏ ਨਹੀ; ਆਪਣੇ ਇਸ਼ਕ ਮਸਤੇਵੇਂ ਵਿਚ ਆ ਕੇ ਉਚੀ ਉਚੀ ਸ਼ਬਦ ਪੜ੍ਹਨ ਲਗੇ। ਅੰਮ੍ਰਿਤ ਵੇਲੇ ਦਾ ਵਕਤ ਹੈ, ਭਾਈ ਜੀ ਥੰਮ ਨਾਲ ਨਰੜੇ ਹੋਏ, ਸੰਗਲਾਂ ਵਿਚ ਜਕੜੇ ਹੋਏ, ਉਚੀ ਧੁਨੀ ਵਿਚ ਸਿਰੀ ਦਸਮੇਸ਼ ਜੀ ਦਾ ਧਿਆਨ ਧਰ ਕੇ ਇਹ ਸ਼ਬਦ ਅਲਾਪ ਰਹੇ ਹਨ :—

> ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥ ਤੁਵ ਗੁਨ ਕਹਾ ਜਗਤ ਗੁਰਾ, ਜਉ ਕਰਮੁ ਨਾ ਨਾਸੈ ॥ ਸਿੰਘ ਸਰਨ ਕਤ ਜਾਈਐ,ਜਉ ਜੰਬੁਕੁ ਗ੍ਰਾਸੈ॥੧॥ਰਹਾਉ॥ ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ, ਫੁਨਿ ਕਾਮ ਨ ਆਵੈ ॥੨॥ ਪ੍ਰਾਨ ਜੁ ਥਾਕੇ ਥਿਰੁ ਨਹੀ, ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੇ, ਕਹੁ ਕਾਹਿ ਚਢਾਵਉ॥੩॥ ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ, ਸਧਨਾ ਜਨੁ ਤੋਰਾ ॥੪॥੧॥

"ਅਉਸਰ ਲਜਾ ਰਾਖਿ ਲੇਹੁ" ਦੀ ਤੁਕ ਬਾਰੰਬਾਰ ਪੜ੍ਹਦੇ ਪੜ੍ਹਦੇ ਮੂਰਛਤ ਹੋ ਗਏ। ਪਿੰਡ ਦੇ ਕੋਠਿਆਂ ਉਪਰ ਦੀ ਸਿਰ-ਪਟ ਦੌੜੇ ਆਉਂਦੇ ਘੋੜੇ ਦੀਆਂ ਕੜਕਾਟ ਟਾਪਾਂ ਪਿੰਡ ਵਾਲਿਆਂ ਨੇ ਸੁਣੀਆਂ। ਕਈਆਂ ਕੋਠਿਆਂ ਦੀਆਂ ਛੱਤਾਂ ਡਿਗ ਪਈਆਂ। ਓਧਰ ਭਾਈ ਸਰਵਣ ਸਿੰਘ



www.AKJ.Org

ਜੀ ਦੇ ਸੰਗਲ ਟੁੱਟ ਗਏ। ਬੁਖ਼ਾਰ ਲਥ ਗਿਆ। ਸਿਰੀ ਦਸਮੇਸ਼ ਜੀ ਦੇ ਬਿਸਮਾਦੀ ਦਰਸ਼ਨਾਂ ਦੀਆਂ ਝਲਕਾਂ ਪਈਆਂ। ਸਾਰੇ ਦੁਖ ਵਿਸੂਰੇ ਲਾਹ ਗਈਆਂ।

ਇਹ ਪ੍ਰਤੱਖ ਬੀਤਿਆ ਬਿਰਤਾਂਤ ਦਾਸ ਨੂੰ ਉਨ੍ਹਾਂ ਦੇ ਪਿੰਡ ਫਲੇਵਾਲ ਦੇ ਮਾਸਟਰ ਧਰਮ ਸਿੰਘ ਜੀ ਨੇ (ਜੋ ਖ਼ਾਲਸਾ ਹਾਈ ਸਕੂਲ ਲੁਧਿਆਣਾ ਦੇ ਰੀਟਾਇਰਡ ਹੈੱਡਮਾਸਟਰ ਹਨ) ਆਪਣੀ ਜ਼ਬਾਨੀ ਸੁਣਾਇਆ ਹੈ। ਗੁਜਰਵਾਲ ਦੇ ਮਹਾਜਨਾਂ ਨੇ ਉਸ ਸਮੇਂ ਪਿੰਡ ਗੁਜਰਵਾਲ ਦੇ ਵਿਚ ਦੀ ਲੰਘਦੇ ਘੋੜੇ ਦੀਆਂ ਟਾਪਾਂ ਵੀ ਸੁਣੀਆਂ ਹਨ। ਇਕ ਵਡਭਾਗਾ ਮਹਾਜਨ ਹਰਨਾਮ ਦਾਸ ਨਾਮੀ ਬ੍ਰਾਹਮਣ ਇਹ ਵੀ ਦਸਿਆ ਕਰਦਾ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਦੇ ਝਲਕਾਰੀ ਦਰਸ਼ਨ ਵੀ ਉਸ ਕੀਤੇ ਹਨ। ਗੁਰੂ ਜਾਣੇ ਇਹ ਬਿਰਤਾਂਤ ਉਸ ਬ੍ਰਾਹਮਣ ਦਾ ਕਿਥੋਂ ਤਕ ਠੀਕ ਹੈ, ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸਿਰੀ ਸਤਿਗੁਰੂ ਸਾਹਿਬ ਜੀ ਨੇ ਉਸ ਅਵਸਰ ਤੇ ਇਹ ਕਉਤਕੀ ਚਮਤਕਾਰ ਪਰਗਟ ਪਾਹਾਰੇ ਆਸ਼ਕਾਰ ਕੀਤੇ।

ਭਾਈ ਧਰਮ ਸਿੰਘ ਜੀ ਫਲੇਵਾਲ ਦੇ ਸਿੰਘਾਂ ਵਿਚੋਂ ਜਥੇ ਦੇ ਗੋਝ ਰਤਨ, ਗੁਰਮਤਿ ਸ਼ਰਧਾ ਭਾਵਨੀ ਦੇ ਅਦੁੱਤੀ ਨਮੂਨੇ ਰਹੇ ਹਨ। ਇਹਨਾਂ ਦੀ ਭਾਈ ਸਰਵਣ ਸਿੰਘ ਜੀ ਪ੍ਰਤੀ ਬੜੀ ਹੀ ਸਤਿਕਾਰ ਭਰੀ ਅੰਤ੍ਰੀਵਨੀ ਸ਼ਰਧਾ ਰਹੀ ਹੈ। ਚਾਹੇ ਬਾਹਰੋਂ ਬੋਲਣ ਵਿਚ ਬੜੇ ਭੀਹਾਵਲ ਅਤੇ ਖਰ੍ਹਵੇ ਪਰਤੀਤ ਹੁੰਦੇ ਹਨ, ਪਰ ਅੰਤਰ-ਗਤਿ "ਸਗਲ ਚਰਨ ਕੀ ਇਹ ਮਨ ਰਾਲਾ" ਵਾਲੇ ਭਾਵ ਦੀ ਬਿਰਤੀ ਜੁਗਤੀ ਰਹੀ ਹੈ ਉਹਨਾਂ ਦੀ।

ਭਾਈ ਸਰਵਣ ਸਿੰਘ ਜੀ ਦੀ ਲਟਬਉਰੀ ਦਸ਼ਾ ਨੂੰ ਦੇਖ ਕੇ ਭਾਈ ਧਰਮ ਸਿੰਘ ਜੀ ਕਈ ਵਾਰੀ ਕੋਪ ਹੋ ਜਾਇਆ ਕਰਦੇ ਸਨ ਅਤੇ ਲਟਬਉਰੇ ਦੀ ਲਟਬਉਰਤਾ ਦੀਆਂ ਵਧੀਕੀਆਂ ਦੇਖ ਕੇ ਉਸ ਨੂੰ ਘੂਰ ਧਮਕਾ ਭੀ ਲਿਆ ਕਰਦੇ ਸਨ। ਪਰ ਰੀਝਦੇ ਭੀ ਐਸੇ ਸਨ ਕਿ ਭਾਈ ਸਰਵਣ ਸਿੰਘ ਜੀ ਦੇ ਸੁਥਰਾਪਨ ਤੇ ਪਰਦਾ ਭੀ ਪਾ ਦਿੰਦੇ ਸਨ। ਕਈ ਗ਼ਲਤੀਆਂ ਦੇਖ ਕੇ ਅਣਡਿਠ ਭੀ ਕਰ ਲਿਆ ਕਰਦੇ ਸਨ, ਪਰ ਭਰੋਸਾ ਐਸਾ ਸੀ ਕਿ ਭਾਈ ਸਰਵਣ ਸਿੰਘ ਜੀ ਦੇ ਸੁੱਤੇ ਸੁਭਾਵ ਹੀ ਮੂੰਹੋਂ ਨਿਕਲੇ ਬਚਨਾਂ ਉਪਰ ਪੱਕਾ ਪਹਿਰਾ ਦਿਤਾ ਕਰਦੇ ਸਨ।

ਇਕ ਵਾਰ ਦਾ ਜ਼ਿਕਰ ਹੈ ਕਿ ਅਵਾਇਲ ਅਵਸਥਾ ਵਿਚ ਹੀ ਬੀ. ਏ. ਦੀ ਪੜ੍ਹਾਈ ਪੜ੍ਹਦਿਆਂ ਹੋਇਆਂ, ਪੁਜ ਕੇ ਬਹੁਤੀ ਮਿਹਨਤ ਕਰਨ ਦੇ ਕਾਰਨ ਅਤੇ ਸਕੀਮੀ ਕਰਕੇ ਖ਼ੁਰਾਕ ਚੰਗੀ ਨਾ ਮਿਲਦੀ ਰਹਿਣ ਦੇ ਕਾਰਨ ਅਚਣਚੇਤ ਭਾਈ ਧਰਮ ਸਿੰਘ ਜੀ ਸਰੀਰ ਕਰਕੇ ਤਕੜੇ ਢਿਲੇ ਹੋ ਗਏ। ਡਾਕਟਰਾਂ ਹਕੀਮਾਂ ਨੇ ਫ਼ਤਵਾ ਲਾ ਦਿਤਾ ਕਿ ਬਿਮਾਰੀ ਟੀ.ਬੀ.(ਤਪਦਿਕ)ਦੀ ਹੈ। ਭਾਈ ਧਰਮ ਸਿੰਘ ਜੀ ਨੇ ਸੁੱਤੇ ਸੁਭਾਵ ਹੀ ਭਾਈ ਸਰਵਣ ਸਿੰਘ ਜੀ ਦੇ ਪਾਸ ਜ਼ਿਕਰ ਕਰ ਦਿਤਾ ਕਿ ਡਾਕਟਰ ਹਕੀਮ ਟੀ. ਬੀ. ਦਾ ਫ਼ਤਵਾ ਲਾਉਂਦੇ ਹਨ। ਸਹਿਜ ਸੁਭਾਵ ਹੀ ਭਾਈ ਸਰਵਣ ਸਿੰਘ ਦੇ ਮੂੰਹੋ ਨਿਕਲ ਗਿਆ—"ਤੈਨੂੰ ਟੀ. ਬੀ. ਟਾਬੀ ਕੋਈ ਨਹੀਂ, ਕਹਿਣ ਵਾਲਿਆਂ ਨੂੰ ਹੋਊਗੀ।" ਇਹ ਕਹਿ ਕੇ ਮੇਰੇ ਪਾਸ ਨਾਰੰਗਵਾਲ ਭਾਈ ਸਰਵਣ ਸਿੰਘ ਜੀ ਆਏ ਤੇ ਕਹਿਣ ਲਗੇ, "ਬਈ, ਆਪਾਂ ਇਕ ਅਖੰਡ ਪਾਠ ਆਪਣੇ ਭਾਈ ਧਰਮ ਸਿੰਘ ਜੀ ਨਮਿਤ ਕਰ ਦੇਈਏ। ਸੌਹਰੇ ਡਾਕਟਰ ਹਕੀਮ ਤਪਦਿਕ ਹੋ ਜਾਣ ਦਾ ਸ਼ਕ ਭਾਈ ਧਰਮ ਸਿੰਘ ਨੂੰ ਪਾਉਂਦੇ ਹਨ।" ਅਸੀਂ ਸਾਰੇ (ਸਾਰੀ ਸੰਗਤ ਜਨ) ਹੀ ਸਹਿਮਤ ਹੋ ਗਏ। ਪਰ ਨਾਲ ਹੀ ਇਹ ਵੀ ਕਹਿਆ ਕਿ ਸਾਰਾ ਅਖੰਡ ਪਾਠ ਸੁਣਨ ਲਈ ਭਾਈ ਧਰਮ ਸਿੰਘ ਜੀ ਤਤਪਰ ਹੋ ਜਾਣ। ਗੱਲ ਕੀ, ਅਖੰਡ ਪਾਠ ਅਰੰਭ ਹੋ ਗਿਆ ਅਤੇ ਭਾਈ ਧਰਮ ਸਿੰਘ ਜੀ ਬੜੇ ਸਿਦਕ ਨਾਲ ਸਰਵਣ ਕਰਨ ਲਈ ਚਉਕੜਾ ਮਾਰ ਬੈਠੇ। ਜਿਥੋਂ ਤਾਈਂ ਹੋ ਸਕਿਆ, ਸਾਰਾ ਪਾਠ ਸੁਣਿਆ। ਰੰਗ ਕਰਤਾਰ ਦੇ ਐਸੇ ਹੋਏ ਕਿ ਉਹ ਨੌ-ਬਰ-ਨੌ ਹੋ ਗਏ। ਓਦੋਂ ਦੇ ਹੁਣ ਤਾਈਂ ਨੌ-ਬਰ-ਨੌ ਹਨ। ਸਾਰਾ ਫਲ ਸਿਦਕ ਤੇ ਭਰੋਸੇ ਦਾ ਹੈ।

ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਤੇ ਅਗਾਧ ਭਰੋਸਾ ਰਖਣ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ। ਖ਼ਾਸ ਕਰ ਪੜ੍ਹਿਆਂ ਲਿਖਿਆਂ ਨੌਜਵਾਨਾਂ ਵਿਚੋਂ ਇਹ ਪਹਿਲੀ ਮਸਾਲ ਹੈ, ਅਨਿੰਨ ਭਰੋਸੇ ਦੀ। ਬਹੁਤਾ ਇਸ ਕਰਕੇ ਕਿ ਉਹ (ਭਾਈ ਧਰਮ ਸਿੰਘ ਜੀ) ਜਥੇ ਅੰਦਰ ਅਜਿਹੀਆਂ ਖੇਡਾਂ ਵਰਤਦੀਆਂ ਦੇਖ ਚੁਕੇ


www.AKJ.Org

ਸਨ ਅਤੇ ਉਨ੍ਹਾਂ ਨੂੰ ਭਾਈ ਸਰਵਣ ਸਿੰਘ ਜੀ ਦੇ ਅਉਲੇ-ਮਉਲੇ ਬਚਨਾਂ ਤੇ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ।

* * * *

ਭਾਈ ਸਰਵਣ ਸਿੰਘ ਜੀ ਦੇ ਉਚ ਗੁਰਮੁਖੀ ਜੀਵਨ ਦੇ ਅਨੇਕ ਨਿਤ ਵਰਤਦੇ ਕਉਤਕ ਉਨ੍ਹਾਂ ਦੇ ਨਿਕਟ-ਵਾਸੀ ਅੱਖੀਂ ਦੇਖ ਚੁਕੇ ਸਨ। ਅਜਿਹੀ ਜੀਵਨ ਵਾਲੀ ਜੀਵਨੀ ਦੇ ਹੁੰਦਿਆਂ ਹੋਇਆਂ ਅੰਤੀ ਔਸਰ ਕਈ ਖ਼ਾਮੀਆਂ ਤਰੁੱਟੀਆਂ ਭੀ ਆ ਪਈਆਂ। ਖ਼ਾਸ ਕਰ ਛਿਪੀ ਛਿਪੀ ਹੀ ਸੂਖਮ ਹਉਮੈ ਦੀ ਵਾਉ ਵਗ ਗਈ। ਬਹੁਤੀ ਸ਼ਲਾਘਾ ਹੋਣ ਕਰਕੇ ਇਹ ਗੁਪਤ ਰੋਗ ਸਣੇ ਸਣੇ ਉਹਨਾਂ ਦੀ ਕਰਾਂਤੀ ਵਿਚ ਆ ਘੁਸੜਿਆ। ਭਾਈ ਸਰਵਣ ਸਿੰਘ ਜੀ ਦੇ ਅਨਿੰਨ ਸ਼ਰਧਾਲੂਆਂ ਨੂੰ ਦਾਸ ਨੇ ਕਈ ਵਾਰ ਵੰਗਾਰ ਵੰਗਾਰ ਕੇ ਆਖਿਆ ਕਿ ਤੁਸੀਂ ਇਹਨਾਂ ਦੇ ਸਨਮੁਖ (ਮੂੰਹ ਤੇ) 'ਜੀਵਨ-ਮੁਕਤ' ਨਾ ਆਖਿਆ ਕਰੋ। ਗੁਰਮਤਿ ਅਨੁਸਾਰ ਸਨਮੁਖ ਉਸਤਤਿ ਅਤੇ ਪਿਛੇ ਨਿੰਦਾ ਕਰਨੀ ਬਹੁਤ ਹੀ ਵਿਵਰਜਤ ਹੈ। ਕਹਿੰਦਿਆਂ ਕਹਿੰਦਿਆਂ ਭੀ ਨਾ ਟਲਣ ਵਾਲੇ ਨਾ ਹੀ ਟਲੇ, ਜਿਸ ਦਾ ਸਿੱਟਾ ਇਹ ਹੋਇਆ ਕਿ ਸੂਖਮ ਹਉਮੈ ਭਾਈ ਸਰਵਣ ਸਿੰਘ ਜੀ ਦੇ ਅੰਦਰ ਆ ਵੜੀ ਤੇ ਇਹ ਬਿਮਾਰੀ ਉਹਨਾਂ ਦੀ ਇਕ ਦਿਨ ਹੰਭਲਾ ਮਾਰ ਕੇ ਨਸ਼ਰ ਆ ਹੋਈ।

ਅੰਬਾਲੇ ਛਾਉਣੀ ਦੇ ਗੁਰਦੁਆਰੇ ਵਿਖੇ ਸ੍ਰੀ ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਕਈ ਦਿਨ ਹੁੰਦਾ ਰਿਹਾ। ਇਕ ਦਿਨ ਕੀਰਤਨ ਵਿਚ ਭਾਈ ਸਰਵਣ ਸਿੰਘ ਜੀ ਨਾ ਆਏ। ਆਪਣੇ ਕੁਝ ਸਾਥੀਆਂ ਨਾਲ ਉਤਾਰੇ ਵਾਲੀ ਥਾਂ ਦੇ ਸਿਖਰ ਛਤੇ ਲੰਮੇ ਪਏ ਰਹੇ। ਪਿਆਰਿਆਂ ਅਨਿੰਨ ਕੀਰਤਨੀਆਂ ਬਿਨਾਂ ਸਾਨੂੰ ਕੁਝ ਤਰੁੱਟੀ ਜਿਹੀ ਪਰਤੀਤ ਹੋਵੇ। ਸਾਡਾ ਜੀਅ ਨਾ ਲਗੇ। ਓੜਕ ਅਸੀਂ ਉਹਨਾਂ ਦੇ ਅਨਿੰਨ ਪਿਆਰੇ ਬਾਬੂ ਮਲ ਸਿੰਘ ਜੀ ਨੂੰ ਭੂੰਮ ਉਠਾਇਆ, ਕੀਰਤਨ ਮੰਡਲ ਵਿਚੋਂ, ਕਿ ਜਾਓ ਜਾ ਕੇ ਭਾਈ ਸਰਵਣ ਸਿੰਘ ਹੋਰਾਂ ਨੂੰ ਲੈ ਆਓ।

ਬਾਬੂ ਮਲ ਸਿੰਘ ਜੀ ਨੇ ਲੰਮੇ ਪਏ ਸਰਵਣ ਸਿੰਘ ਹੋਰੀ ਜਾ ਹਲੂਣੇ ਅਤੇ ਆਖਿਆ, "ਸਾਰੀ ਸੰਗਤ ਯਾਦ ਕਰਦੀ ਹੈ, ਬੇਹਬਲਤਾ ਸਹਿਤ। ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋ ਰਹੇ ਹਨ। ਦੀਵਾਨ ਲਗਾ ਹੋਇਆ ਹੈ। ਦੀਵਾਨ ਵਿਚ ਤੁਹਾਨੂੰ ਹਾਜ਼ਰ ਨਾ ਦੇਖ ਕੇ ਬੜੀ ਹੈਰਾਨੀ ਭਰੀ ਬਿਹਬਲਤਾ ਹੋ ਰਹੀ ਹੈ।" ਅਗੋਂ ਆਖਣ ਲਗੇ ਭਾਈ ਸਰਵਣ ਸਿੰਘ ਜੋ ਲੰਮੇ ਪਏ ਪਏ ਹੀ (ਅੱਖੀਆਂ ਮੀਟੀਆਂ ਮੀਟਾਈਆਂ), "ਸਾਡੇ ਤਾਂ ਅੰਦਰ ਹੀ ਆਸਾ ਜੀ ਦੀ ਵਾਰ ਲਗ ਰਹੀ ਹੈ ?" ਹੈਰਾਨ ਪ੍ਰੇਸ਼ਾਨ ਹੋ ਕੇ ਬੜੇ ਭੁਚੱਕੇ ਜਿਹੇ ਵਿਚ ਹੈਰਾਨ ਹੋ ਕੇ, ਬਾਬੂ ਮਲ ਸਿੰਘ ਜੀ ਵਾਪਸ ਮੁੜ ਆਏ। ਓਹੀ ਗੱਲ ਆਖ ਸੁਣਾਈ, ਜੋ ਭਾਈ ਸਰਵਣ ਸਿੰਘ ਦੇ ਮੂੰਹੋਂ ਨਿਕਲੀ ਸੀ।

ਅਸੀ ਫੇਰ ਦੂਜੀ ਵਾਰ ਬਾਬੂ ਮਲ ਸਿੰਘ ਜੀ ਅਤੇ ਭਾਈ ਪਿਆਰਾ ਸਿੰਘ ਜੀ ਦੋਹਾਂ ਨੂੰ ਭੇਜਿਆ। (ਭਾਈ ਪਿਆਰਾ ਸਿੰਘ ਜੀ ਨਾਲ ਤਾਂ ਓਹਨਾਂ ਦਾ ਬੜਾ ਸਤਿਕਾਰ ਭਰਿਆ ਪਿਆਰ ਸੀ) ਉਨ੍ਹਾਂ ਦੋਹਾਂ ਪਿਆਰਿਆਂ ਨੂੰ ਭੀ ਏਵੇਂ ਹੀ ਆਖਿਆ, "ਸਾਡੇ ਤਾਂ ਅੰਦਰ ਹੀ ਵਾਰ ਲਗੀ ਹੋਈ ਹੈ, ਅੰਦਰੇ ਹੀ ਦੀਵਾਨ ਲਗਾ ਹੋਇਆ ਹੈ।" ਤਿਸ ਪਰ ਬਾਬੂ ਮਲ ਸਿੰਘ ਜੀ ਹੋਰਾਂ ਨੇ ਸਵਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਕਾਸ਼ ਬਿਨਾਂ ਦੀਵਾਨ ਕਾਹਦਾ? ਇਸ ਸਵਾਲ ਕਰਨ ਪਰ ਉਸ ਦੀ ਸੂਖਮ ਹਉਮੈ ਸਥੂਲ ਰੂਪ ਧਾਰਨ ਕਰ ਕੇ ਬਾਹਰ ਭੜਕ ਉਠੀ, ਜਿਸ ਦਾ ਮੁਜੱਸਮ ਸਰੂਪ ਹੋ ਕੇ ਗੁਸਿਆ ਸਰਵਣ ਸਿੰਘ ਇਉਂ ਬਰੜਾ ਉਠਿਆ, ਪਰਤਖ ਬੋਲ ਉਠਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਲੋੜ ਹੈ?" ਦੋਹਾਂ ਵੀਰਾਂ ਨੇ ਮਿਲਵੀਂ ਬੋਲੀ ਵਿਚ ਆਖਿਆ ਕਿ ਤੁਸੀਂ ਫਲੇਵਾਲ ਆਪਣੀ ਕੁਟੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਕਰਦੇ ਹੋ ਅਤੇ ਆਖਿਆ ਕਰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਕਰਕੇ ਇਹ ਕੁਟੀਆ, ਕੁਟੀਆ ਨਹੀਂ ਬਲਕਿ ਗੁਰਦਵਾਰਾ ਹੈ। ਫੇਰ ਤਾਂ ਇਕ-ਦਮ ਵਾਹੀ ਤਬਾਹੀ ਬਕਵਾਸ ਕਰਨ ਲਗ ਪਿਆ। ਹਉਮੈ ਦਾ ਕਮਲਾ ਹੋਇਆ (ਕਮਲਾ ਕੀਤਾ ਹੋਇਆ) ਸਰਵਣ ਸਿੰਘ ਬੋਲ ਉਠਿਆ, "ਮੇਰੇ ਭਾ ਦਾ ਦੇਹੁਰਾ, ਮਸੀਤ ਤੇ ਗੁਰਦਵਾਰੇ ਇਕੋ ਜਿਹੇ ਹਨ। ਮੈਂ ਫਲੇਵਾਲ ਜਾ ਕੇ ਕੁਟੀਆ ਨੂੰ ਢਾਹ ਦੇਵਾਂਗਾ ਅਤੇ ਬੋੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ



www.AKJ.Org

ਕਢ ਦਿਆਂਗਾ।"

ਅਜਿਹੇ ਊਲ-ਜਲੂਲ ਹਉਮੈ-ਜਨੂਨ ਭਰਿਆ ਬਕਵਾਸ ਸੁਣ ਕੇ ਬੜੀ ਨਫ਼ਰਤ ਖਾ ਕੇ ਦੋਈ ਸਜਣ ਵਾਪਸ ਦੀਵਾਨ ਵਿਚ ਆ ਗਏ। ਦੀਵਾਨ ਦੀ ਸਮਾਪਤੀ ਪਰ ਉਨ੍ਹਾਂ ਨੇ ਭਰੀ ਸੰਗਤ ਵਿਚ ਬ੍ਰਿਤਾਂਤ ਦਸਿਆ ਤਾਂ ਸਾਰੀ ਸੰਗਤ ਨੇ ਇਕ-ਜ਼ਬਾਨ ਹੋ ਕੇ ਉਚਰਿਆ ਕਿ ਜੋ ਕੁਝ ਉਸ ਨੇ ਬੋਲਿਆ ਹੈ, ਮਹਾਂ ਕੁਫ਼ਰ ਤੋਲਿਆ ਹੈ। ਸਰਵਣ ਸਿੰਘ ਤਾਂ ਹੁਣ ਫਿਟ ਨਿਕਲਿਆ ਹੈ। ਹਉਮੈ ਉਸ ਨੂੰ ਖਾ ਗਈ। ਉਸ ਨੂੰ ਬਚਾਉਣ ਦਾ ਇਕੋ ਇਕ ਇਲਾਜ ਇਹ ਹੈ ਕਿ ਉਸ ਨੂੰ ਜੱਥੇ ਵਲੋਂ ਛੇਕਿਆ ਜਾਵੇ। ਮੁਕੰਮਲ ਬਾਈਕਾਟ ਉਸ ਦਾ ਕੀਤਾ ਜਾਵੇ। ਜੱਥੇ ਦਾ ਕੋਈ ਸਿੰਘ ਉਸ ਨਾਲ ਤਅੱਲਕ ਨਾ ਰਖੇ। ਗੁਰਮਤਾ ਪਾਸ ਹੋ ਗਿਆ।

ਟੀਸੀ ਚੜ੍ਹੇ ਸਰਵਣ ਸਿੰਘ ਨੂੰ ਧੜੰਮ ਹੇਠਾਂ ਸੱਟਿਆ ਵੇਖਣਾ ਪਿਆ। ਸਭ ਸਜਣਾਂ ਨੇ ਉਹਨਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ। ਪਤਾ ਲਗਾ ਕਿ ਉਸ ਨਾਲ ਇਕ ਦੋ ਸਜਣ ਲੁਕਵਾਂ ਤਅੱਲਕ ਰਖਦੇ ਹਨ। ਉਨ੍ਹਾਂ ਨਾਲ ਉਸ ਦਾ ਬਹੁਤ ਪਿਆਰ ਸੀ। ਉਨ੍ਹਾਂ ਦੋਹਾਂ ਸਜਣਾਂ ਨੂੰ ਸੰਗਤ ਵਿਚ ਬੁਲਾ ਕੇ ਤਾੜਨਾ ਕੀਤੀ ਗਈ ਕਿ ਜਾਂ ਤਾਂ ਸੰਗਤ ਦਾ ਹੁਕਮ ਮੰਨੋ, ਅਤੇ ਛੇਕੇ ਹੋਏ ਸਰਵਣ ਸਿੰਘ ਨਾਲੋਂ ਤੁਅੱਲਕ ਤੋੜੋ, ਨਹੀਂ ਤੁਹਾਨੂੰ ਦੋਹਾਂ ਨੂੰ ਵੀ ਛੇਕਿਆ ਜਾਵੇਗਾ। ਉਨ੍ਹਾਂ ਦੋਹਾਂ ਨੇ ਸੰਗਤ ਦੀ ਆਗਿਆ ਮੰਨ ਕੇ ਛੇਕੇ ਹੋਏ ਸਰਵਣ ਸਿੰਘ ਦਾ ਸਾਥ ਛਡ ਦਿਤਾ।

ਫੇਰ ਤਾਂ ਦਿਨਾਂ ਵਿਚ ਹੀ ਉਸ ਦੀ ਹਉਮੈ ਦਾ ਅੜਾਟ ਨਿਕਲ ਗਿਆ। 'ਕੱਲਮ-ਕਲਾ ਰਹਿ ਗਿਆ' ਸਮਝ ਕੇ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਸੰਗਤ ਦੀ ਸ਼ਰਨੀ ਆ ਪਿਆ। ਹਰੇਕ ਸਮਾਗਮ ਵਿਚ ਆਵੇ ਤੇ ਜੋੜਿਆਂ ਵਿਚ ਲੇਟਿਆ ਰਹੇ, ਧੁੱਪ ਵਿਚ ਭੁਜਦਾ ਰਹੇ। ਮਹੀਨਾ ਭਰ ਤਲਮਲਾਉਂਦਾ ਰਿਹਾ, ਕਿਸੇ ਨੇ ਉਸ ਦਾ ਖ਼ਿਆਲ ਹੀ ਨਹੀਂ ਕੀਤਾ। ਓੜਕ ਡਡਿਆ ਉਠਿਆ, ਦੁਹਾਈ ਦਿਤੀ ਕਿ ਮੇਰੀ ਬਹੁੜੀ ਕਰੋ, ਜੋ ਤਨਖ਼ਾਹ ਲਾਉਣੀ ਹੈ, ਸੰਗਤ ਲਾ ਦੇਵੇ, ਪਰ ਮੈਨੂੰ ਬਖ਼ਸ਼ ਲਵੇ। ਸਾਰੀ ਸੰਗਤ ਨੇ ਸਰਬ-ਸੰਮਤੀ ਨਾਲ ਹੁਕਮ ਦਿਤਾ ਕਿ ਸਰਵਣ ਸਿੰਘ ਮੂੰਹ ਕਾਲਾ ਕਰ ਕੇ, ਛਿਤਰਾਂ ਦੀ ਮਾਲਾ ਗਲ ਵਿਚ ਪਾ ਕੇ ਗੱਧੇ ਤੇ ਚੜ੍ਹੇ। ਪੰਜਾਂ ਪਿੰਡਾਂ ਵਿਚ ਏਵੇਂ ਫਿਰੇ ਤੇ ਪੁਕਾਰ ਪੁਕਾਰ ਕੇ ਦਸਦਾ ਫਿਰੇ ਕਿ ਆਹ ਅਵੱਗਿਆ ਮੇਰੇ ਪਾਸੋਂ ਹੋਈ, ਜਿਸ ਕਾਰਨ ਇਹ ਤਨਖ਼ਾਹ ਸੰਗਤ ਵਲੋਂ ਲਾਈ ਗਈ। ਤਦ ਬਖ਼ਸ਼ਿਆ ਜਾ ਸਕਦਾ ਹੈ, ਐਵੇਂ ਨਹੀਂ।

ਉਸ ਨੇ ਇਹ ਤਨਖ਼ਾਹ ਖ਼ੁਸ਼ੀ ਖ਼ੁਸ਼ੀ ਕਬੂਲ ਕੀਤੀ। ਉਸ ਦੇ ਪੂਰਬਲੇ ਚੰਗੇ ਅੰਕੁਰ ਜਾਗ ਆਏ। ਉਸ ਨੇ ਸੰਗਤ ਦਾ ਹੁਕਮ ਮੰਨ ਕੇ ਤਨਖ਼ਾਹ ਇਸ ਤਰ੍ਹਾਂ ਪੂਰੀ ਕੀਤੀ :—

ਫ਼ਲੇਵਾਲ ਜਾ ਕੇ ਘੁਮਾਰਾਂ ਤੋਂ ਗੱਧਾ ਲਿਆ, ਤੇ ਤਵੇ ਦੀ ਕਾਲਖ ਨਾਲ ਤੇਲ ਰਲਾ ਕੇ ਮੂੰਹ ਕਾਲਾ ਕੀਤਾ, ਗਲ ਵਿਚ ਛਿਤਰਾਂ ਦੀ ਮਾਲਾ ਪਾਈ ਤੇ ਗੱਧੇ ਤੇ ਸਵਾਰ ਹੋ ਗਿਆ। ਇਸ ਤਰ੍ਹਾਂ ਉਹ ਫਲੇਵਾਲ, ਗੁਜਰਵਾਲ, ਨਾਰੰਗਵਾਲ, ਲੋਹਗੜ੍ਹ ਅਤੇ ਮਹਿਮਾ ਸਿੰਘ ਵਾਲਾ ਪੰਜਾਂ ਪਿੰਡਾਂ ਵਿਚ ਗੱਧੇ ਤੇ ਚੜ੍ਹਿਆ-ਚੜ੍ਹਾਇਆ ਫਿਰਿਆ। ਉਹ ਕੁਲ ਦੀ ਕਾਨ-ਕਣੌਡ ਛਡ ਕੇ ਆਪਣੀ ਅਵੱਗਿਆ ਆਪਣੇ ਮੂੰਹੋਂ ਥਾਂ ਥਾਂ ਖੜਾ ਹੋ ਕੇ ਦਸਦਾ ਰਿਹਾ। ਜਦ ਨਾਰੰਗਵਾਲ ਆਇਆ ਤਾਂ ਸਾਡੇ ਗ੍ਰਹਿ ਵਿਖੇ ਜੱਥੇ ਦਾ ਇਕੱਠ ਸੀ ਤੇ ਦੀਵਾਨ ਸਜਿਆ ਹੋਇਆ ਸੀ। ਸਾਡੀ ਮਾਤਾ ਨੇ ਹੰਝੂਆਂ ਨਾਲ ਪੁਲਕ੍ਰਿਤ ਹੋ ਕੇ ਤੇ ਗਲਵਕੜੀ ਪਾ ਕੇ ਗੱਧੇ ਤੋਂ ਉਤਾਰਿਆ ਤੇ ਭਰੇ ਦੀਵਾਨ ਵਿਚ ਸੰਗਤ ਦੇ ਆਣ ਪੇਸ਼ ਕੀਤਾ। ਸਾਰੀ ਸੰਗਤ ਦੇਖ ਕੇ ਦ੍ਰਵੀ-ਭੂਤ ਹੋ ਗਈ। ਦਾਸ ਨੂੰ ਹੁਕਮ ਹੋਇਆ ਕਿ ਇਸ ਦੀ ਕਾਲਖ ਲਾਹ ਕੇ ਮੁੜ ਸੰਗਤ ਵਿਚ ਬਿਠਾਵੋ। ਮਸਾਂ ਇਕ ਘੰਟੇ ਵਿਚ ਕਾਲਖ ਲਥੀ, ਪਰਮ ਨਿਰਮਲ ਚਿਹਰਾ ਹੋ ਗਿਆ। ਚਿਹਰੇ ਤੇ ਉਹ ਰੱਬੀ ਜਲਾਲ ਆਇਆ ਜਿਸ ਦਾ ਜਮਾਲ ਕਿਸੇ ਤੋਂ ਝਲਿਆ ਨਾ ਜਾਵੇ। ਕਮਾਲ ਦੀ ਗ਼ਰੀਬੀ ਅਜ ਭਾਈ ਸਰਵਣ ਸਿੰਘ ਜੀ ਦੇ ਰਗੋ-ਰੇਸ਼ੇ ਫਿਰ ਛਾ ਗਈ। ਸਿਖੀ ਸਿਦਕ ਦੇ ਜਾਹੋ-ਜਲਾਲ ਵਾਲੇ ਕਮਾਲ ਵਿਚ ਸਾਵਧਾਨ ਹੋਇਆ। ਬਿਬੇਕ ਸਰਬ ਲੋਹ ਦੀ ਰਹਿਤ-ਰਹਿਣੀ ਵਿਚ ਸਾਵਧਾਨ ਹੁੰਦਾ ਹੋਇਆ ਰਹਿੰਦੀ ਆਯੂ ਬਤੀਤ ਕਰਨ ਲਗਾ। ਅਗੇ ਨਾਲੋਂ ਭੀ ਦਸ ਗੁਣੀ ਕਾਰ ਸੁਕ੍ਰਿਤ ਕਰਨੀ ਗੁਰੂ ਘਰ ਦੀ ਕਮਾਵਣ ਲਗੇ।

ਅਗੇ ਨਾਲੋਂ ਭੀ ਸੌ ਗੁਣਾ ਵਧੇਰੇ ਸਤਿਕਾਰ ਭਾਈ

[ਬਾਕੀ ਦੇਖੋ ਸਫ਼ਾ ੧੦ ਦੇ ਹੇਠਾਂ

# ਰੋਜ਼ਾਨਾ ਮਨੁੱਖੀ ਜੀਵਨ ਤੇ ਧਰਮ

[ ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ. ]

ਇਕ ਵਾਰੀ ਤ੍ਰਿਲੋਚਨ ਆਪਣੇ ਮਿੱਤਰ ਭਗਤ ਨਾਮਦੇਵ ਜੀ ਨੂੰ ਮਿਲਣ ਆਇਆ । ਅਗੇ ਨਾਮਦੇਵ ਆਪਣਾ ਕੱਪੜੇ ਛਾਪਣ ਦਾ ਵਿਹਾਰ ਕਰ ਰਿਹਾ ਸੀ । ਤ੍ਰਿਲੋਚਨ ਆਪਣੇ ਮਿੱਤਰ ਨੂੰ ਦੁਨੀਆ ਦੇ ਕੰਮ ਵਿਚ ਰੁੱਝਾ ਸਮਝ ਕੇ ਹੈਰਾਨ ਹੋਇਆ। ਨਾਮਦੇਵ ਨੇ ਉਸ ਦੀ ਹੈਰਾਨੀ ਦਾ ਉੱਤਰ ਦਿਤਾ ਕਿ ਮਨੁੱਖ ਨੇ ਹੱਥਾਂ ਨਾਲ ਕਿਰਤ-ਕਾਰ ਕਰਨੀ ਹੈ ਤੇ ਮਨ ਨੂੰ ਪਰਮਾਤਮਾ ਦੀ ਯਾਦ ਵਿਚ ਜੋੜਨਾ ਹੈ। ਇਹਨਾਂ ਦੋਹਾਂ ਦੀ ਇਹ ਗੱਲ ਬਾਤ ਕਬੀਰ ਜੀ ਨੇ ਇਉਂ ਬਿਆਨ ਕੀਤੀ ਹੈ :—

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੇ, ਰਾਮਿ ਨ ਲਾਵਹੁ ਚੀਤੁ ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ ॥
ਹਾਥ ਪਾਉ ਕਰਿ ਕਾਮ ਸਭੁ,ਚੀਤੁ ਨਿਰੰਜਨ ਨਾਲਿ ॥੨੧੩॥

'ਦੀਨ' ਤੇ 'ਦੁਨੀਆ' ਨੂੰ ਇਕ ਥਾਂ ਇਕੱਠਾ ਕਰਨਾ, ਧਾਰਮਿਕ ਜ਼ਿੰਦਗੀ ਵਾਸਤੇ ਇਹ ਇਕ ਵੱਡੀ ਭਾਰੀ ਅਜ਼ਮਾਇਸ਼ ਹੈ। ਧਰਮ-ਅਸਥਾਨ ਵਿਚ ਧਰਮੀ ਬਣਨਾ ਰਤਾ ਸੌਖਾ ਹੈ, ਪਰ ਦੁਨੀਆ ਦੇ ਝੰਬੇਲਿਆਂ ਵਿਚ ਧਰਮੀ ਰਹਿਣਾ ਡਾਢਾ ਕਠਨ ਹੈ । ਕਿਸੇ ਮੰਦਰ, ਮਸਜਿਦ, ਗਿਰਜੇ ਜਾਂ ਗੁਰਦੁਆਰੇ ਵਿਚ ਬੈਠਾ ਮਨੁੱਖ ਮਨ ਦੀ ਦੌੜ ਨੂੰ ਭਾਵੇਂ ਕੁਝ ਸਮੇ ਲਈ ਰੋਕ ਸਕੇ, ਪਰ ਹੋਰ ਝੰਬੇਲਿਆਂ ਵਿਚ ਆ ਕੇ ਇਹ ਕੰਮ ਬੜਾ ਮੁਸ਼ਕਿਲ ਹੈ; ਇਉਂ ਜਾਪਦਾ ਹੈ ਜਿਵੇਂ ਹਿਮਾਲੇ ਪਰਬਤ ਦੀ ਠੰਢੀ ਬਰਫ਼ਾਨੀ ਧਰਤੀ ਛੱਡ ਕੇ ਮਨੁੱਖ ਅਫ਼ਰੀਕਾ ਦੇ ਤਪਦੇ ਸਹਿਰਾਈ ਰੇਗਿਸਤਾਨ ਵਿਚ ਅਪੜ ਗਿਆ ਹੈ।

'ਦੀਨ' ਤੇ 'ਦੁਨੀਆ ਨੂੰ ਇਕ ਥਾਂ ਇਕੱਠੇ ਨਾ ਰਖ ਸਕਣ ਦੀ ਇਹ ਔਕੜ ਇਤਨੀ ਜ਼ਬਰਦਸਤ ਹੈ ਕਿ ਸ਼ੁਰੂ ਤੋਂ ਮਨੁੱਖ ਇਸ ਦਾ ਟਾਕਰਾ ਕਰਨ ਲਈ ਢੰਗ ਵਰਤਦੇ ਆਏ ਹਨ । ਪੁਰਾਣੇ ਸਮਿਆਂ ਵਿਚ ਧਾਰਮਿਕ ਸੁਭਾਉ ਵਾਲੇ ਬੰਦੇ ਜਗਤ ਨੂੰ ਉੱਕਾ ਹੀ ਛੱਡ ਕੇ ਜੰਗਲ ਦੇ ਕਿਸੇ ਗੋਸ਼ੇ ਵਿਚ ਜਾ ਬੈਠਦੇ ਸਨ । ਧ੍ਰੂ ਭਗਤ ਨੇ ਜਦੋਂ ਮਤ੍ਰੇਈ ਮਾਂ ਦੇ ਹੱਥੋਂ ਆਪਣੀ ਨਿਰਾਦਰੀ ਹੁੰਦੀ ਵੇਖੀ ਤੇ ਉਸ ਨੂੰ ਪਤਾ ਲਗਾ ਕਿ ਇਸ ਦਾ ਉਪਾਉ 'ਬੰਦਗੀ' ਹੀ ਹੈ, ਤਾਂ ਉਹ ਰਾਜ-ਮਹਲ ਛਡ ਕੇ ਬਾਹਰ ਜੰਗਲਾਂ ਵਿਚ ਤਪ ਕਰਨ ਚਲਾ ਗਿਆ । ਇਸ ਬਾਰੇ ਇਉਂ ਗਵਾਹੀ ਮਿਲਦੀ ਹੈ :—

ਧ੍ਰੂ ਹੱਸਦਾ ਘਰ ਆਇਆ, ਕਰਿ ਪਿਆਰ ਪਿਉ ਕੁਛੜਿ ਲੀਤਾ । ਬਾਹਹੁ ਪਕੜਿ ਉਠਾਲਿਆ, ਮਨ ਵਿਚਿ ਰੋਸੁ ਮਤ੍ਰੇਈ ਕੀਤਾ । ਡਡਹੁਲਿੱਕਾ ਮਾਂ ਪੁਛੈ, ਤੂੰ ਸਾਵਾਣੀ ਹੈ ਕਿ ਸਰੀਤਾ । ਸਾਵਾਣੀ ਹਾਂ ਜਨਮ ਦੀ, ਨਾਮੁ ਨ ਭਗਤੀ ਕਰਮੁ ਦ੍ਰਿੜੀਤਾ । ਕਿਸੁ ਉਦਮ ਤੇ ਰਾਜੁ ਮਿਲੈ, ਸਤ੍ਰੂ ਤੇ ਸਭ ਹੋਵਨਿ ਮੀਤਾ । ਪਰਮੇਸਰੁ ਆਰਾਧੀਐ, ਜਿਦੂੰ ਹੋਈਐ ਪਤਿਤ ਪੁਨੀਤਾ । ਬਾਹਰਿ ਚਲਿਆ ਕਰਣਿ ਤਪੁ, ਮਨ ਬੈਰਾਗੀ ਹੋਇ ਅਤੀਤਾ ।੧। (੧੦)

ਐਸੇ ਤਿਆਗੀ ਕੋਈ ਇਕ ਦੋ ਚਾਰ ਨਹੀਂ, ਅਨੇਕਾਂ ਹੀ ਹੋਏ ਹਨ, ਧਰਤੀ ਦਾ ਇਤਿਹਾਸ ਭਰਿਆ ਪਿਆ ਹੈ ।

---

ਸਫ਼ਾ ੯ ਦੀ ਬਾਕੀ]

ਸਰਵਣ ਸਿੰਘ ਦਾ ਸੰਗਤ ਵਿਚ ਹੋਣ ਲਗਾ, ਪਰੰਤੂ ਅਤਿ ਦਰਜੇ ਦੀ ਨਿੰਮਰਤਾ ਵਿਚ ਲੀਨ ਹੋ ਕੇ ਅਜੱਰ ਨੂੰ ਜਰਨ ਵਾਲੀ ਅਤੇ ਉਚ ਆਤਮ-ਅਵਸਥਾ ਨੂੰ ਪਰਾਪਤ ਹੁੰਦੇ ਹੋਏ, ਹਰਿ ਰੰਗ-ਰੰਗੀ ਜੀਵਨੀ ਬਤੀਤ ਕਰਨ ਲਗਾ। ਇਤਨੇ ਨੂੰ ਹੁਕਮ ਅੰਦਰ ਜੇਲ੍ਹ-ਯਾਤਰਾ ਭੁਗਤਣ ਲਈ ਅਸੀਂ ਉਮਰ ਕੈਦ ਹੋ ਕੇ ਜੇਲ੍ਹਾਂ ਵਿਚ ਚਲੇ ਗਏ, ਸਾਂਡੇ ਪਿਛੋਂ ਹੀ ਸਾਡੇ ਪਰਮ ਪਿਆਰੇ ਵੀਰ ਭਾਈ ਸਰਵਣ ਸਿੰਘ ਗੁਰਪੁਰੀ ਪਧਾਰ ਗਏ । ਕੁਝ ਪਤਾ ਨਹੀਂ ਕਿਵੇਂ ਪਧਾਰੇ ਤੇ ਕਿਵੇਂ ਚੜ੍ਹਾਈਆਂ ਹੋਈਆਂ । ਓਹਨਾਂ ਦੀ ਵੰਨਗੀ ਮਾਤਰ ਪ੍ਰੇਮ-ਯਾਦ ਵਿਚ ਇਤਨੀ ਕੁ ਪ੍ਰੇਮ-ਵਾਰਤਾ ਅੰਕਤ ਕੀਤੀ ਗਈ ਹੈ ।

[ਪੁਸਤਕ 'ਰੰਗਲੇ ਸਜਣ' ਵਿਚੋਂ



www.AKJ.Org

ਅਜ ਕਲ੍ਹ ਦੇ ਸਿਆਣਿਆਂ ਨੇ ਇਕ ਹੋਰ ਢੰਗ ਵਰਤਿਆ ਹੈ, ਉਹਨਾਂ ਨੇ 'ਦੀਨ' ਤੇ 'ਦੁਨੀਆ' ਨੂੰ ਐਸੇ ਦੋ ਸ਼ਾਹੂਕਾਰ ਮਿਥ ਲਿਆ ਹੈ, ਜਿਨ੍ਹਾਂ ਦਾ ਕਰਜ਼ਾ ਮਨੁੱਖ ਨੇ ਦੇਣਾ ਹੈ, ਇਕੱਠਾ ਕਰਜ਼ਾ ਤਾਂ ਦੇ ਨਹੀਂ ਸਕਦਾ, ਦੋਹਾਂ ਨਾਲ ਕਿਸ਼ਤਾਂ ਕਰ ਲੈਂਦਾ ਹੈ । ਉਹ ਸਮਝਦਾ ਹੈ ਕਿ ਸਾਰਾ ਦਿਨ ਰੱਬ ਨੂੰ ਚੇਤੇ ਰਖਣਾ ਉਹਨਾਂ ਬੰਦਿਆਂ ਦਾ ਕੰਮ ਹੈ ਜਿਨ੍ਹਾਂ ਨੂੰ ਹੋਰ ਕੰਮ ਨਹੀਂ । ਸੋ, ਨਤੀਜਾ ਇਹ ਨਿਕਲਿਆ ਹੈ ਕਿ ਜਿਵੇਂ ਕਾਲਜ ਦੇ ਪ੍ਰੋਫ਼ੈਸਰ ਆਪਣਾ 'ਗਾਊਨ' ਸਿਰਫ਼ ਕਿਸੇ ਖ਼ਾਸ ਇਕੱਠ ਤੇ ਹੀ ਵਰਤਦੇ ਹਨ, ਅਗੇ ਪਿਛੇ ਉਹ ਟਰੰਕ ਵਿਚ ਹੀ ਪਿਆ ਰਹਿੰਦਾ ਹੈ, ਤਿਵੇਂ ਧਰਮ ਭੀ ਮੰਦਰ, ਮਸਜਿਦ ਤੇ ਗੁਰਦੁਆਰੇ ਲਈ ਰਹਿ ਗਿਆ ਹੈ । ਜਿਵੇਂ ਕੋਈ ਵਿਹਲਾ ਮਨੁੱਖ ਭੀੜ ਵਿਚੋਂ ਦੀ ਲੰਘੇ, ਤਾਂ ਧੱਕੇ ਪੈਂਦਿਆਂ ਪੈਂਦਿਆਂ ਉਹ ਕਿਸੇ ਗੁੱਠੇ ਜਾ ਲਗਦਾ ਹੈ, ਤਿਵੇਂ ਵਿਹਾਰੀ ਲੋਕਾਂ ਨੇ ਧਰਮ ਨੂੰ ਵਿਹਲਿਆਂ ਦਾ ਕੰਮ ਜਾਣ ਕੇ ਧਰਮ-ਅਸਥਾਨ ਦੀ ਗੁੱਠ ਵਿਚ ਜਾ ਰਖਿਆ ਹੈ । 'ਧਰਮ' ਇਕ ਐਸੀ ਕੌੜੀ ਦਵਾਈ ਸਮਝੀ ਗਈ ਹੈ, ਜੋ ਕਦੇ ਕਦੇ ਪੀਣੀ ਚਾਹੀਦੀ ਹੈ, ਜਦੋਂ ਸਰੀਰ ਨੂੰ ਕੋਈ ਰੋਗ ਆ ਦਬਾਏ,ਆਤਮਾ ਦੀ ਰੋਜ਼ ਦੀ ਤੇ ਹਰ ਵੇਲੇ ਦੀ ਖ਼ੁਰਾਕ ਇਸ ਨੂੰ ਨਹੀਂ ਮੰਨਿਆ ਗਿਆ ।

'ਦੀਨ' ਦਾ ਜੋ ਨਿਸ਼ਾਨਾ ਗੁਰੂ ਨਾਨਕ ਦੀ ਬਾਣੀ ਵਿਚ ਆਇਆ ਹੈ ਉਹ ਇਹਨਾਂ ਦੱਸੇ ਖ਼ਿਆਲਾਂ ਦੇ ਉਲਟ ਹੈ। ਗੁਰੂ ਆਖਦਾ ਹੈ ਕਿ ਰੋਜ਼ੀ ਦੀ ਖ਼ਾਤਰ "ਘਾਲ ਕਮਾਈ" ਦਾ ਤੇ 'ਭਗਤੀ' ਦਾ ਆਪੋ ਵਿਚ ਅਜੋੜ ਨਹੀਂ ਹੈ । 'ਧਰਮ' ਮਨੁੱਖ ਦੇ ਫ਼ਰਜ਼ਾਂ ਵਿਚੋਂ ਇਕ ਫ਼ਰਜ਼ ਨਹੀਂ, ਸਗੋਂ ਇਹ ਇਕ ਐਸੀ ਸ਼ੈ ਹੈ ਜਿਸ ਦਾ ਹਰੇਕ ਇਨਸਾਨੀ ਫ਼ਰਜ਼ ਨਾਲ ਸੰਬੰਧ ਹੈ । ਪਵਿੱਤਰਤਾ ਨਿਰੀ ਧਰਮ-ਅਸਥਾਨਾਂ ਵਾਸਤੇ ਨਹੀਂ ਹੈ, ਹਰੇਕ ਥਾਂ ਲਈ ਹੈ । ਅਸੀ 'ਦੁਨੀਆ' ਦੇ ਕਾਰ-ਵਿਹਾਰ ਕਰਦੇ ਹਾਂ, ਪਰ ਇਸ ਕਾਰ-ਵਿਹਾਰ ਨਾਲ ਸਾਡੇ ਫੇਫੜਿਆਂ ਦੇ ਕੰਮ (ਸਾਹ ਲੈਣ) ਵਿਚ ਕੋਈ ਰੁਕਾਵਟ ਨਹੀਂ ਪੈਂਦੀ, ਖ਼ੂਨ ਭੀ ਸਰੀਰ ਵਿਚ ਗੇੜੇ ਲਾਈ ਜਾਂਦਾ ਹੈ । ਜਿਸਮ ਵੀ ਵਧਦਾ ਫੁਲਦਾ ਰਹਿੰਦਾ ਹੈ, ਭਾਵੇਂ ਵਿਹਲੇ ਬੈਠੇ ਹਾਂ, ਭਾਵੇਂ ਬੜੇ ਰੁੱਝੇ ਹੋਏ ਹਾਂ । ਜਿਸਮ ਦੀ ਪਰਵਰਿਸ਼ ਦਾ ਇਹ ਕੰਮ ਜਾਰੀ ਰਹਿੰਦਾ ਹੈ,ਏਸੇ ਤਰ੍ਹਾਂ 'ਰੂਹ' ਦੀ ਪਰਵਰਿਸ਼ ਦਾ ਇਹ ਕੰਮ 'ਦੁਨੀਆ' ਦੇ ਕੰਮਾਂ ਦੇ ਨਾਲ ਨਾਲ ਜਾਰੀ ਰਹਿਣਾ ਚਾਹੀਦਾ ਹੈ । ਇਕ ਅੰਗਰੇਜ਼ ਕਵੀ ਲਿਖਦਾ ਹੈ :—

We need not bid, for cloister'd cell,
Our neighbour and our work farewell,
The trivial round, the common task,
May furnish all we ought to ask
Room to deny ourselves, a road
To bring us daily nearer God.

ਮਨੁੱਖ ਦੀ ਮੌਜੂਦਾ ਜ਼ਿੰਦਗੀ ਚੰਦ-ਰੋਜ਼ਾ ਹੈ । ਜੇ ਇਸ ਦੁਨਿਆਵੀ ਜ਼ਿੰਦਗੀ ਨੂੰ ਕੁਰਬਾਨ ਕਰਨ ਤੋਂ ਬਿਨਾ ਉਸ ਅਟੱਲ ਆਤਮਕ ਜੀਵਨ ਦੇ ਹਾਸਲ ਕਰਨ ਦਾ ਹੋਰ ਕੋਈ ਵਸੀਲਾ ਨਾ ਹੋਵੇ, ਤਾਂ ਇਸ ਨੂੰ ਕੁਰਬਾਨ ਕਰ ਦੇਣਾ ਹੀ ਸਿਆਣਪ ਹੈ, ਨਿਰੀ 'ਦੁਨੀਆ' ਦੀ ਖ਼ਾਤਰ ਪੱਟ ਪਹਿਨਣ ਨਾਲੋਂ ਲੀਰਾਂ ਪਾ ਲੈਣੀਆਂ ਚੰਗਾ ਹੈ । ਫ਼ਰੀਦ ਜੀ ਨੇ ਇਹੀ ਗੱਲ ਆਖੀ ਹੈ :—

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥

ਨਿਰਾ ਇਹੀ ਨਹੀਂ, ਜੇ 'ਦੁਨੀਆ' ਵਿਚ ਰਹਿ ਕੇ 'ਦੀਨ' ਨਾ ਮਿਲ ਸਕਦਾ ਹੋਵੇ; ਤਾਂ—

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥੧੧੯॥

ਫਿਰ ਤਾਂ, ਦੁਨੀਆ ਵਿਚ ਹਰੇਕ ਕਿੱਤੇ ਦੇ ਮਨੁੱਖ ਦਾ ਫ਼ਰਜ਼ ਹੋਵੇਗਾ ਕਿ ਉਹ ਸਭ ਕੁਝ ਛਡ ਕੇ ਰੱਬੀ ਯਾਦ ਵਾਸਤੇ ਜੰਗਲ ਵਿਚ ਜਾ ਬੈਠੇ ।

ਪਰ, ਇਹ ਨਾ-ਮੁਮਕਿਨ ਹੈ ਕਿ ਸਾਰੇ ਬੰਦੇ ਕਿਰਤ-ਕਾਰ ਛਡ ਕੇ ਰੱਬੀ ਯਾਦ ਵਿਚ ਲਗ ਪੈਣ । ਇਤਨੀ ਕੁਰਬਾਨੀ ਅਸੰਭਵ ਹੈ—ਤੇ, ਇਹੀ ਗੱਲ ਇਕ ਪੱਕਾ ਸਬੂਤ ਹੈ ਕਿ ਇਸ ਕੁਰਬਾਨੀ ਦੀ ਲੋੜ ਨਹੀਂ ਹੈ, ਤਾਹੀਏਂ ਗੁਰੂ ਨਾਨਕ ਦੇਵ ਜੀ ਨੇ ਬਾਬਾ ਫ਼ਰੀਦ ਜੀ ਨੂੰ ਆਖਿਆ ਕਿ ਤੁਹਾਡਾ ਖ਼ਿਆਲ ਤਾਂ ਠੀਕ ਹੈ ਕਿ ਜੇ 'ਦੀਨ' ਤੇ 'ਦੁਨੀਆ' ਦੋਹਾਂ ਵਿਚੋਂ ਇਕ ਚੀਜ਼ ਛਡਣੀ ਪਏ ਤਾਂ 'ਦੁਨੀਆ' ਛਡ ਦੇਣੀ ਚਾਹੀਦੀ ਹੈ; ਪਰ, ਇਸ ਦੀ ਲੋੜ ਨਹੀਂ, ਦੋਹਾਂ ਦਾ ਆਪੋ


www.AKJ.Org

ਵਿਚ ਅਜੋੜ ਨਹੀਂ ਹੈ :—

ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ ॥
ਨਾਨਕ ਘਰਿ ਹੀ ਬੈਠਿਆ ਸਹੁ ਮਿਲੈ
**ਜੇ ਨੀਅਤਿ ਰਾਸਿ ਕਰੇਇ ॥੧੦੩॥**
[ਮ: ੩

ਦੁਨੀਆ ਦੇ ਇਸ ਨਜ਼ਾਮ ਨੂੰ ਚਲਾਣ ਵਾਲਾ ਕੋਈ ਐਸਾ ਹਾਕਮ ਨਹੀਂ ਜੋ ਬੰਦਿਆਂ ਵਾਸਤੇ ਅਜਿਹੇ ਕੰਮ ਜ਼ਰੂਰੀ ਥਾਪ ਦੇਵੇ ਜਿਹੜੇ ਅਮਲ ਵਿਚ ਨਾ ਆ ਸਕਣ । ਇਸ ਪੰਜ ਭਉਤਿਕ ਦੁਨੀਆ ਵਿਚ ਕਿਤੇ ਕੋਈ ਵਿਰੋਧੀ ਨਿਯਮ ਨਹੀਂ ਹਨ, ਮਾਨਸਕ ਮੰਡਲ (maral world) ਵਿਚ ਭੀ ਕੋਈ ਐਸੇ ਕਾਨੂੰਨ ਨਹੀਂ ਹਨ ਕਿ ਇਕ ਦੀ ਖ਼ਾਤਰ ਦੂਜੇ ਨੂੰ ਤਿਆਗਣਾ ਪਏ । ਬਾਈਬਲ ਵਿਚ ਲਿਖਿਆ ਹੈ : The fowls of the air and the lilies of the field toil not, neither do they spin.

ਗੁਰੂ ਅਰਜਨ ਸਾਹਿਬ ਨੇ ਭੀ ਫ਼ੁਰਮਾਇਆ ਹੈ :—

"ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ ॥"

ਜੇ ਰੱਬ ਚਾਹੁੰਦਾ ਤਾਂ ਬੰਦਿਆਂ ਵਾਸਤੇ ਭੀ ਭੋਜਨ ਦੀ ਵਰਖਾ ਉਤੋਂ ਹੀ ਕਰ ਦੇਂਦਾ, ਪਰ ਇਹ ਨਹੀਂ ਹੋਇਆ । ਜੇ ਮਨੁੱਖ ਕੰਮ ਬੰਦ ਕਰ ਦੇਵੇ ਤਾਂ ਸਾਰੀ ਤਰੱਕੀ ਬੰਦ ਹੋ ਜਾਏ । 'ਧਰਮ' ਭੀ ਇਨਸਾਨੀ ਤਰੱਕੀ ਵਾਸਤੇ ਹੀ ਹੈ, ਸੋ, ਇਹ ਮਿਹਨਤ ਤੇ ਕਿਰਤ ਦਾ ਵਿਰੋਧੀ ਨਹੀਂ ਹੈ ।

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥
[ਵਾਰ ਸਾਰੰਗ, ਮ: ੧

ਆਪਣੇ ਕਮਰੇ ਵਿਚ ਕੰਧ ਨਾਲ ਲਟਕਿਆ ਹੋਇਆ ਕਲਾਕ ਤੁਸੀ ਰੋਜ ਵੇਖਦੇ ਹੋ, ਕਦੇ ਉਪਰਲਾ ਪਰਦਾ ਚੁੱਕ ਕੇ ਉਸ ਦੇ ਪੁਰਜ਼ੇ ਵੇਖੋ, ਬੜੇ ਨਾਜ਼ਕ ਹੁੰਦੇ ਹਨ । ਇਸ ਮਸ਼ੀਨਰੀ ਦੀ ਸਾਰ ਨਾ ਜਾਨਣ ਵਾਲਾ ਮਨੁੱਖ ਜਦੋਂ ਇਹਨਾਂ ਨਾਜ਼ਕ ਪੁਰਜਿਆਂ ਨੂੰ ਵੇਖਦਾ ਹੈ, ਤੇ; ਨਾਲ ਹੀ ਉਸ ਕਲਾਕ ਵਿਚ ਲਟਕਦੇ ਪੈਂਡੂਲਮ ਦਾ ਭਾਰ ਜਾਂਚਦਾ ਹੈ ਤਾਂ ਖ਼ਿਆਲ ਕਰਦਾ ਹੈ ਕਿ ਜੇ ਇਹ ਭਾਰ ਕਲਾਕ ਨਾਲੋਂ ਲਾਹ ਲਿਆ ਜਾਏ ਤਾਂ ਕਲਾਕ ਦੇ ਪੁਰਜ਼ੇ ਕਿਹੇ ਸੌਖੇ ਤੁਰਨ । ਅੰਞਾਣ ਨੂੰ ਇਹ ਭਾਰ ਕਲਾਕ ਦੀ ਮਸ਼ੀਨਰੀ ਦੇ ਚਲਣ ਦੇ ਰਾਹ ਵਿਚ ਰੁਕਾਵਟ ਜਾਪਦਾ ਹੈ । ਪਰ ਅਸਲ ਗੱਲ ਇਹ ਹੈ ਕਿ ਇਹ ਭਾਰ ਕਲਾਕ ਦੇ ਪੁਰਜ਼ਿਆਂ ਦੀ ਰਫ਼ਤਾਰ ਨੂੰ ਟਿਕਵੀਂ ਰਖਣ ਵਾਸਤੇ ਹੈ । ਇਸੇ ਤਰ੍ਹਾਂ, ਮਨੁੱਖ ਦੀਆਂ ਦੁਨਿਆਵੀ ਜ਼ਿਮੇਵਾਰੀਆਂ ਦਾ ਭਾਰ ਇਸ ਦੀ ਆਤਮਕ ਜ਼ਿੰਦਗੀ ਦੀ ਰਫ਼ਤਾਰ ਨੂੰ ਇਕ-ਸੁਰ ਤੇ ਅਡੋਲ ਰਖਣ ਵਾਸਤੇ ਹੈ । ਜੇ ਇਹ ਭਾਰ ਲਾਹ ਕੇ ਪਰੇ ਰਖ ਦਿਤਾ ਜਾਏ ਤਾਂ ਆਤਮਤ ਜੀਵਲ ਦੀ ਮਸ਼ੀਨਰੀ ਭੀ ਬੇ-ਥਵੀ ਹੋ ਜਾਂਦੀ ਹੈ ।

ਅਕਾਸ਼ ਵਿਚ ਚੰਦ੍ਰਮਾ ਤੇ ਹੋਰ ਸਈਆਰਿਆਂ ਵਲ ਤੱਕੋ, ਹਰੇਕ ਦੀ ਦੋਹਰੀ ਚਾਲ ਹੈ, ਇਕ ਆਪਣੇ ਚੱਕਰ-ਮੰਡਲ ਵਿਚ, ਤੇ, ਦੂਜੀ ਆਪਣੇ ਧੁਰੇ ਦੇ ਦੁਆਲੇ । ਇਕ ਚਾਲ ਦੂਜੀ ਚਾਲ ਦਾ ਵਿਰੋਧ ਨਹੀਂ ਕਰਦੀ, ਦੋਵੇਂ ਇਕੱਠੀਆਂ ਹੀ ਇਕ-ਸੁਰ ਚਲੀਆਂ ਜਾ ਰਹੀਆਂ ਹਨ । ਇਨਸਾਨੀ ਜ਼ਿੰਦਗੀ ਦੀਆਂ ਭੀ ਦੋ ਹੀ ਚਾਲਾਂ ਹਨ : ਇਕ, ਦੁਨਿਆਵੀ ਕੇਂਦਰ ਦੇ ਦੁਆਲੇ, ਤੇ ਦੂਜੀ, ਰੂਹਾਨੀ ਕੇਂਦਰ ਦੇ ਗਿਰਦੇ । ਦੋਵੇਂ ਚਾਲਾਂ ਇਕ-ਸੁਰ ਰਹਿਣੀਆਂ ਹਨ, ਤਾਹੀਏਂ ਹੁਕਮ ਹੈ :—

"ਹਾਥ ਪਾਉ ਕਰਿ ਕਾਮੁ ਸਭੁ,
ਚੀਤੁ ਨਿਰੰਜਨ ਨਾਲਿ ॥"

## ਜੈਪੁਰ (ਰਾਜਸਥਾਨ) ਵਿਖੇ ਅਦੁੱਤੀ ਕੀਰਤਨ ਸਮਾਗਮ ੭ ਤੋਂ ੧੦ ਮਾਰਚ ਨੂੰ

ਅਖੰਡ ਕੀਰਤਨੀ ਜੱਥਾ ਜੈਪੁਰ ਵਲੋਂ ੭ ਤੋਂ ੧੦ ਮਾਰਚ ਨੂੰ ਕੀਰਤਨ ਸਮਾਗਮ ਹੋ ਰਹੇ ਹਨ ਜਿਸ ਵਿਚ ਦਿਲੀ ਤੇ ਹੋਰ ਦੂਰ ਨੇੜਿਓਂ ਕੀਰਤਨੀ ਜੱਥੇ ਪੁਜ ਰਹੇ ਹਨ । ਪ੍ਰੋਗਰਾਮ ਦਾ ਵੇਰਵਾ ਮਾਰਚ ਦੇ ਪਰਚੇ ਵਿਚ ਵੇਖੋ ।



www.AKJ.Org

# ਗੁਰੂ ਨਾਨਕ ਤੇ ਮਾਇਆਵਾਦ

[ ਵਲੋਂ'—ਸ: ਸ਼ੇਵਾ ਸਿੰਘ ਜੀ 'ਸੇਵਕ' ਤਰਨ ਤਾਰਨ ]

ਅਕਾਲ ਪੁਰਖ ਨੇ ਸ੍ਰਿਸ਼ਟੀ-ਰਚਨਾ ਦੇ ਨਾਲ ਹੀ ਮਾਇਆ ਦੀ ਰਚਨਾ ਕਰ ਦਿਤੀ । ਇਉਂ ਸਾਰਾ ਸੰਸਾਰ ਮਾਇਆ ਦੀ ਲਪੇਟ ਵਿਚ ਆ ਗਿਆ ਅਤੇ ਜੀਵਾਂ ਦਾ ਮਨ, ਮਾਇਆ-ਮੋਹ ਕਰਕੇ ਦੁਚਿੱਤੀ ਵਿਚ ਫਸ ਗਿਆ । 'ਮਾਇਆ ਮੋਹਿ ਸਗਲ ਜਗੁ ਛਾਇਆ' ਅਨੁਸਾਰ ਮਾਇਆ ਨੇ ਹਰੇਕ ਵਡੇ ਛੋਟੇ ਜੀਵ ਉੱਤੇ ਪ੍ਰਬਲਤਾ ਪਰਾਪਤ ਕਰ ਲਈ। ਮਾਇਆ ਇਕ ਅਜਿਹੀ ਵਸਤੂ ਹੈ ਜੋ ਹਰੇਕ ਜੰਮਦੇ ਜੀਵ ਨੂੰ ਚੰਬੜ ਕੇ ਉਸ ਨੂੰ ਸਾਰੀ ਉਮਰ ਆਪਣੇ ਭਰਮ-ਜਾਲ ਵਿਚ ਗ੍ਰਸੀ ਰਖਦੀ ਹੈ ਅਤੇ ਉਸ ਨੂੰ ਆਪਣੇ ਅਸਲੇ ਵਾਹਿਗੁਰੂ ਜੀ ਨਾਲੋਂ ਵਿਛੋੜ ਕੇ ਅਨੇਕਾਂ ਦੁਖਾਂ ਦੇ ਚੱਕਰ ਵਿਚ ਪਾਈ ਰਖਦੀ ਹੈ । ਦੁਨੀਆ ਦਾ ਕੋਈ ਜੀਵ ਇਸ ਦਾ ਅਸਰ ਕਬੂਲਣੋਂ ਨਹੀਂ ਬਚ ਸਕਿਆ । ਇਥੋਂ ਤੱਕ ਕਿ ਭੈਰੋਂ, ਲਛਮਣ ਤੇ ਭੀਸ਼ਮ ਪਿਤਾਮਾ ਵਰਗੇ ਜਤੀ ਤੇ ਗੋਰਖ ਮਛੰਦਰ ਆਦਿ ਜਿਹੇ ਜੋਗੀ ਵੀ ਇਸ ਦੀ ਪਕੜ ਤੋਂ ਮੁਕਤ ਨਹੀਂ ਹੋ ਸਕੇ । ਗੁਰਬਾਣੀ ਫ਼ੁਰਮਾਉਂਦੀ ਹੈ :—

ਮਾਇਆ ਐਸੀ ਮੋਹਨੀ ਭਾਈ ॥
ਜੇਤੇ ਜੀਅ ਤੇਤੇ ਡਹਕਾਈ ॥......
ਛਿਅ ਜਤੀ ਮਾਇਆ ਕੇ ਬੰਦਾ ॥
ਨਵੈ ਨਾਥ ਸੂਰਜ ਅਰੁ ਚੰਦਾ ॥......
ਤਪੇ ਤਪੀਸਰ ਮਾਇਆ ਮਹਿ ਸੂਤਾ ॥
ਮਾਇਆ ਮਹਿ ਕਾਲੁ ਅਰ ਪੰਚ ਦੂਤਾ ॥

ਅਕਾਲ ਪੁਰਖ ਨੇ ਤਾਂ ਜੀਵ ਨੂੰ ਮਾਨਸ ਜਨਮ ਇਸ ਵਾਸਤੇ ਦਿਤਾ ਸੀ ਕਿ ਉਹ ਆਪਣੇ ਜੋਤ ਸਰੂਪ ਅਸਲੇ ਨੂੰ ਪਛਾਣ ਕੇ ਨਾਮ ਸਿਮਰਨ ਦੁਆਰਾ ਉਸ ਵਿਚ ਅਭੇਦ ਹੋ ਜਾਵੇ ਤੇ ਇਉਂ ਚੁਰਾਸੀ ਲੱਖ ਜੂਨ ਦੇ ਚੱਕਰ ਵਿਚ ਫਸਣੋਂ ਬਚ ਜਾਵੇ, ਪਰ ਮਾਇਆ ਇਸ ਨੂੰ ਜੰਮਦਿਆਂ ਹੀ ਘੇਰ ਲੈਂਦੀ ਹੈ—

ਯਾ ਜਗ ਮਹਿ ਏਕਹਿ ਕਉ ਆਇਆ ॥
ਜਨਮਤ ਮੋਹਿਓ ਮੋਹਨੀ ਮਾਇਆ ॥

ਇਉਂ ਮਾਇਆ ਦੇ ਛਲ ਰੂਪ ਉਤੇ ਮੋਹਿਤ ਹੋਇਆ ਹੋਇਆ ਜੀਵ, ਸਾਰੀ ਉਮਰ ਇਸ ਦੇ ਥੱਲੇ ਲੱਗਾ ਰਹਿੰਦਾ ਹੈ ਤੇ ਅੰਤ ਨੂੰ ਦੁਰਲਭ ਮਨੁੱਖਾ ਜਨਮ ਗਵਾ ਕੇ ਪਛਤਾਉਂਦਾ ਹੈ :—

ਤ੍ਰਿਬਿਧ ਮਾਇਆ ਰਹੀ ਬਿਆਪਿ ॥
ਜੋ ਲਪਟਾਨੋ ਤਿਸ ਦੂਖ ਸੰਤਾਪ ॥
ਸ੍ਵਾਂਗੀ ਜਿਉ ਜੋ ਮਨ ਰੀਝਾਵੈ ॥
ਸ੍ਵਾਂਗ ਉਤਾਰਿਐ ਫਿਰਿ ਪਛੋਤਾਵੈ ॥

ਗੁਰੂ ਅਮਰਦਾਸ ਜੀ ਮਾਇਆ ਦੇ ਅਸਰ ਨੂੰ ਇਉਂ ਬਿਆਨਦੇ ਹਨ :—

ਮਾਇਆ ਕਿਸ ਨੋ ਆਖੀਐ,
ਕਿਆ ਮਾਇਆ ਕਰਮ ਕਮਾਇ ?
ਦੁਖਿ ਸੁਖਿ ਏਹੁ ਜੀਉ ਬਧੁ ਹੈ,
ਹਉਮੈ ਕਰਮ ਕਮਾਇ ॥

ਸੰਸਾਰ ਦੇ ਜੀਵਾਂ ਨੂੰ ਮਾਇਆ ਦੇ ਜ਼ਹਿਰੀਲੇ ਅਸਰ ਹੇਠ ਵਿਲਕਦੀ ਹਾਲਤ ਵਿਚ ਵੇਖ ਕੇ ਉਨ੍ਹਾਂ ਨੂੰ ਮੁਕਤ ਕਰਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਉਨ੍ਹਾਂ ਉਤੇ ਵੀ ਮਾਇਆ ਆਪਣਾ ਪਰਭਾਵ ਪਾਉਣ ਲਈ ਅੱਡ ਅੱਡ ਸਮਿਆਂ ਪਰ ਆਈ, ਪਰ ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਕਿਰਪਾ ਨਾਲ, ਨਾ ਕੇਵਲ ਆਪਣੇ ਉੱਤੇ ਹੋਏ ਹੱਲਿਆਂ ਨੂੰ ਹੀ ਪਛਾੜਿਆ ਸਗੋਂ ਸਾਰੇ ਸੰਸਾਰ ਦੇ ਜੀਵਾਂ ਨੂੰ ਇਸ ਤੋਂ ਮੁਕਤ ਹੋਣ ਦਾ ਸੁਗਮ ਰਸਤਾ ਵੀ ਦੱਸ ਦਿਤਾ । ਆਪ ਆਸਾ ਰਾਗ ਵਿਚ ਮਾਇਆ ਦਾ ਬਿਕਰਾਲ ਰੂਪ ਦਾ ਇਉਂ ਵਰਨਣ ਕਰਦੇ ਹਨ :—

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥
ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥
ਉਨਿ ਸਭੁ ਜਗ ਖਾਇਆ
ਹਮ ਗੁਰਿ ਰਾਖੇ, ਮੇਰੇ ਭਾਈ ॥......

www.AKJ.Org

ਮਾਇਆ ਮੋਹਿ ਸਭੋ ਜਗੁ ਬਾਧਾ ॥
ਹਉਮੈ ਪਚੈ ਮਨਮੁਖ ਮੂਰਾਖਾ ॥
ਗੁਰੂ ਨਾਨਕ ਬਾਹ ਪਕਰਿ ਹਮ ਰਾਖਾ ॥

ਮਾਇਆ ਨਾਗਨੀ ਦਾ ਪਰਭਾਵ, ਜਗਤ-ਜੀਵਾਂ ਉਤੇ ਗੁਰੂ ਸਾਹਿਬ ਦੇ ਅਵਤਾਰ ਧਾਰਨ ਤੋਂ ਪਹਿਲਾਂ ਬਹੁਤ ਪਿਆ ਹੋਇਆ ਸੀ। ਕੀ ਧਰਮ-ਖੇਤਰਾਂ, ਕੀ ਰਾਜਸੀ ਅਦਾਰਿਆਂ ਤੇ ਕੀ ਸਭਿਆਚਾਰਕ ਸੰਸਥਾਵਾਂ, ਸਭਨਾਂ ਵਿਚ ਮਾਇਆ ਦੀ ਪਰਧਾਨਤਾ ਛਾਈ ਹੋਈ ਸੀ। ਸਤਿਗੁਰੂ ਜੀ ਨੇ ਇਸ ਦੇ ਮਾਰੂ ਅਸਰਾਂ ਅਤੇ ਇਸ ਦੀ ਸੰਗਤ ਤੋਂ ਪੈਦਾ ਹੋਣ ਵਾਲੀਆਂ ਹਉਮੈ, ਈਰਖਾ, ਬਿਖਾਂਧ, ਜੰਗ ਜੁੱਧ ਤੇ ਲੜਾਈ ਆਦਿ ਦੀਆਂ ਬੁਰਾਈਆਂ ਨੂੰ ਜੜ੍ਹੋਂ ਕੱਟਣ ਲਈ ਲੁਕਾਈ ਨੂੰ ਇਸ ਦਾ ਸਹੀ ਰੂਪ ਇਉਂ ਬਿਆਨ ਕੀਤਾ :–

ਇਸੁ ਜਰ ਕਾਰਣਿ ਘਣੀ ਵਿਗੁਤੀ,
ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ,
ਮੁਇਆ ਸਾਥਿ ਨ ਜਾਈ ॥

ਇਹ ਮਾਇਆ ਦੁਨੀਆ ਨੂੰ ਭਰਮ-ਭੁਲੇਖੇ ਵਿਚ ਪਾ ਕੇ ਖੁਆਰ ਕਰਨ ਵਾਲੀ ਹੈ। ਇਹ ਪਾਪ-ਕਰਮਾਂ ਤੋਂ ਬਗ਼ੈਰ ਇਕੱਠੀ ਨਹੀਂ ਹੁੰਦੀ ਤੇ ਮਰਨ ਤੋਂ ਪਿਛੋਂ ਇਹ ਕਿਸੇ ਦਾ ਸਾਥ ਨਹੀਂ ਦਿੰਦੀ। ਇਸ ਦੇ ਪਰਾਪਤ ਕਰਨ, ਇਸ ਦੀ ਸੰਭਾਲ ਕਰਨ ਤੇ ਇਸ ਤੋਂ ਵਿਛੜਨ ਵਿਚ, ਸਭ ਦੁਖ ਹੀ ਦੁਖ ਹੈ। ਮਾਇਆ ਜਦ ਅਨੇਕ ਰੂਪ ਧਾਰ ਕੇ ਜੀਵ ਦੀ ਬੁੱਧੀ ਨੂੰ ਚੱਕਰ ਵਿਚ ਪਾਉਂਦੀ ਹੈ ਤਾਂ ਜੀਵ ਲਈ ਆਪਣਾ ਆਪ ਸੰਭਾਲਣਾ ਔਖਾ ਹੋ ਜਾਂਦਾ ਹੈ। ਇਸ ਦੇ ਪਰਭਾਵ ਤੋਂ ਪੈਣ ਵਾਲੀ ਮੈਲ, ਜੀਵ-ਆਤਮਾ ਦੇ ਨਿਰਮਲ ਸ਼ੀਸ਼ੇ ਨੂੰ ਅਨਜਾਣੇ ਹੀ ਧੁੰਧਲਾ ਕਰਦੀ ਰਹਿੰਦੀ ਹੈ, ਜਿਸ ਦਾ ਫਲ-ਸਰੂਪ, ਜੀਵ ਦੀ ਆਤਮਾ ਉੱਤੇ ਪ੍ਰਮਾਤਮਕ ਰੌਸ਼ਨੀ ਦਾ ਝਲਕਾਰਾ ਪੈਣੋਂ ਬੰਦ ਹੋ ਜਾਂਦਾ ਹੈ ਅਤੇ ਉਸ ਦੀ ਬਿਬੇਕ ਬੁੱਧੀ ਪੱਕੇ ਤੌਰ ਤੇ ਮਲੀਨ ਹੋ ਜਾਂਦੀ ਹੈ।

ਗੁਰਬਾਣੀ ਵਿਚ ਥਾਂ ਥਾਂ ਮਾਇਆ ਨੂੰ ਨਾਗਨੀ ਅਥਵਾ ਸਪਣੀ ਦੀ ਤੁੱਲਨਾ ਦਿਤੀ ਹੋਈ ਹੈ, ਜਿਵੇਂ–

ਮਾਇਆ ਹੋਈ ਨਾਗਨੀ,
ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ,
ਤਿਸ ਹੀ ਕਉ ਫਿਰਿ ਖਾਇ ॥......
ਮਾਇਆ ਮਮਤਾ ਮੋਹਣੀ,
ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ,
ਜਿਨੀ ਸਤਿ ਨਾਮਿ ਚਿਤੁ ਲਾਇਆ ॥

ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਨੂੰ, ਮਾਇਆ ਤੇ ਇਸ ਤੋਂ ਉਤਪੰਨ ਹੋਣ ਵਾਲੀ ਹਉਮੈ ਵਿਚ ਸੜਦੇ ਵੇਖਿਆ। ਕਿਤੇ ਤਾਂ ਸੱਜਣ ਵਰਗੇ ਪੁਰਸ਼ ਬਾਹਰੋਂ ਭਗਤਾਂ ਵਾਲਾ ਦਿਖਾਵਾ ਕਰ ਕੇ ਲੋਕਾਂ ਨੂੰ ਠੱਗ-ਠੋਰ ਰਹੇ ਸਨ, ਕਿਤੇ ਮਲਕ ਭਾਗੋ ਜਿਹੇ ਮਾਇਆਧਾਰੀ, ਦੁਨੀਆ ਨੂੰ ਲੁੱਟ-ਖਸੁੱਟ ਕੇ ਭਰੀਆਂ ਤਜੋਰੀਆਂ ਵਿਚੋਂ ਬ੍ਰਹਮ ਭੋਜ ਦਾ ਪਖੰਡ ਰਚਾ ਰਹੇ ਸਨ, ਕਿਤੇ ਬ੍ਰਾਹਮਣ ਲੋਕ ਆਮ ਜੀਵਾਂ ਨਾਲੋਂ ਉੱਚੇ ਬਣ ਕੇ ਤੇ ਉਨ੍ਹਾਂ ਨੂੰ ਅਵਿੱਦਯ ਰਖ ਕੇ, ਉਨ੍ਹਾਂ ਦੇ ਧਨ ਮਾਲ ਉਤੇ ਧਾੜੇ ਮਾਰ ਰਹੇ ਸਨ, ਕਿਤੇ ਸਿੱਧ ਨਾਥ ਤੇ ਜੋਗੀ ਲੋਕ; ਅਖਾਉਤੀ ਤਿਆਗ ਦਿਖਾ ਕੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਰਹੇ ਸਨ। ਹਰ ਪਾਸੇ ਪਾਪ, ਪਖੰਡ, ਠੱਗੀ, ਵਲ ਛਲ, ਧੌਲ ਧੱਕੇ ਤੇ ਧਿੰਙੋਜ਼ੋਰੀ ਦਾ ਬਾਜ਼ਾਰ ਗਰਮ ਸੀ ਅਤੇ ਇਹ ਸਾਰੇ ਪਾਪ ਕੇਵਲ ਮਾਇਆ ਦੀ ਪਰਾਪਤੀ ਕਾਰਨ ਕੀਤੇ ਜਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਧਨ-ਸੰਪਦਾ ਵਧਾਉਣ ਵਾਲੇ ਕਿਰਤੀ ਕਿਰਸਾਨਾਂ, ਹਟਵਾਣੀਆਂ, ਸੌਦਾਗਰਾਂ ਤੇ ਨੌਕਰੀ ਕਰਨ ਵਾਲਿਆਂ ਨੂੰ ਇਹ ਗੱਲ ਦ੍ਰਿੜ੍ਹ ਕਰਵਾਈ ਕਿ ਤੁਸੀਂ ਇਨ੍ਹਾਂ ਕਮਾਮਾਂ ਨੂੰ ਧਾਰਨ ਕਰਦੇ ਹੋਏ ਇਸ ਗੱਲ ਦਾ ਖ਼ਿਆਲ ਰਖੋ ਕਿ ਜਿਸ ਮਾਇਆ ਬਦਲੇ ਤੁਸੀਂ ਆਪਣੇ ਫ਼ਰਜ਼ ਤੋਂ ਕੋਤਾਹੀ ਕਰ ਰਹੇ ਹੋ ਅਤੇ ਮਾਇਆ ਵਧਾ ਰਹੇ ਹੋ, ਉਹ ਮਾਇਆ ਮਰਨ ਵੇਲੇ ਨਾਲ ਨਹੀਂ ਜਾਣੀ। ਇਹ ਤਾਂ ਮਨਮੋਹਣਾ ਰੂਪ ਧਾਰ ਕੇ ਤੁਹਾਨੂੰ ਛਲਣ ਵਾਸਤੇ ਆਈ ਹੈ। ਇਸ ਲਈ ਮਿਹਨਤ, ਉੱਦਮ, ਸਾਦਗੀ, ਉੱਚੀ ਸੁਰਤ, ਸਚਾਈ, ਚੰਗਿਆਈ, ਨੇਕੀ, ਪਵਿੱਤਰਤਾ, ਸਦਾਚਾਰ ਤੇ ਰੱਬੀ-ਯਾਦ ਨੂੰ ਪੱਲੇ ਬੰਨ੍ਹੋ, ਤਾਂ ਹੀ ਤੁਹਾਡੀ ਜੀਵਨ-ਯਾਤਰਾ ਸਫ਼ਲ ਹੋ ਸਕਦੀ ਹੈ ਤੇ ਪਰਲੋਕ ਸੌਰ ਸਕਦਾ ਹੈ।

www.AKJ.Org

ਅਜੋਕੇ ਸੰਸਾਰ ਵਿਚ ਵੀ ਉਪਰੋਕਤ ਪਰਮੁਖ ਪੇਸ਼ੇ ਧਾਰਨ ਕਰਨ ਵਾਲਿਆਂ ਲਈ ਸਤਿਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਚਾਨਣ-ਮੁਨਾਰੇ ਦਾ ਕੰਮ ਦੇ ਕੇ ਸਹੀ ਅਗਵਾਈ ਕਰ ਰਿਹਾ ਹੈ—

ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ, ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥੧॥ਰਹਾਉ॥

ਵਰਤਮਾਨ ਜੁਗ ਬੜੀ ਤੇਜ਼ੀ ਨਾਲ ਮਾਇਆਵਾਦ, ਪਦਾਰਥਵਾਦ ਅਥਵਾ ਮਾਦਾ-ਪ੍ਰਸਤੀ ਵਲ ਵਧ ਰਿਹਾ ਹੈ। ਭਾਵੇਂ ਸਾਂਝੀਵਾਲਤਾ ਤੇ ਕਮਿਊਨਿਜ਼ਮ ਆਦਿ ਸਿਧਾਂਤ ਵੀ ਕਈ ਦੇਸ਼ਾਂ ਵਿਚ ਜੜ੍ਹ ਫੜ ਰਹੇ ਹਨ, ਪਰ ਅਮਲੀ ਤੌਰ ਤੇ ਮਾਇਆ ਦਾ ਹੀ ਬੋਲ-ਬਾਲਾ ਹੈ। ਪਰਾਈ ਚੀਜ਼ ਅਪਨਾਉਣ ਦੀ ਖ਼ਾਹਸ਼ ਤੇ ਕਬਜ਼ਾ ਕਰਨ ਦੀ ਅਕਾਂਖਿਆ ਪ੍ਰਬਲ ਹੋ ਰਹੀ ਹੈ। ਸੰਤੋਖ ਤੇ ਸੰਤੁਸ਼ਟਤਾ ਖੰਭ ਲਾ ਕੇ ਉਡ ਚੁਕੇ ਹਨ। ਧਨ-ਪ੍ਰਾਪਤੀ ਦੀ ਹਵਸ ਇਕ ਜੰਗ ਦੇ ਖ਼ਤਮ ਹੋਣ ਪਿਛੋਂ ਦੂਜੀ ਜੰਗ ਦੀ ਬੁਨਿਆਦ ਰਖ ਦੇਂਦੀ ਹੈ। ਤ੍ਰਿਸ਼ਨਾ ਦੀ ਅੱਗ ਹੈ ਹੀ ਇਹੋ ਜਿਹੀ ਜੋ ਸਦਾ ਵਧਦੀ ਹੀ ਜਾਂਦੀ ਹੈ। ਲਖਪਤੀ ਕਰੋੜਪਤੀ, ਤੇ ਕਰੋੜਪਤੀ ਅਰਬਪਤੀ ਬਣਨਾ ਲੋਚਦਾ ਹੈ। ਵਡੇ ਵਡੇ ਦੇਸ਼ਾਂ ਦਾ ਰਾਜ ਪਰਾਪਤ ਕਰਨ ਵਾਲਿਆਂ ਦੀ ਵੀ ਤ੍ਰਿਸ਼ਨਾ ਨਹੀਂ ਬੁਝਦੀ। ਖਾਣ, ਪੀਣ, ਪਹਿਰਨ ਤੇ ਵਿਸ਼ੇ ਪਦਾਰਥਾਂ ਦੇ ਭੋਗ ਭੋਗਣ ਲਈ ਜੀਵ ਹਲਕੇ ਕੁੱਤੇ ਵਾਂਗ ਚਾਰ-ਚੁਫੇਰੇ ਚੱਕ ਮਾਰਦਾ ਫਿਰਦਾ ਹੈ। ਸ਼ਬਦ, ਸਪੱਰਸ਼, ਰੂਪ, ਰਸ, ਗੰਧ ਦਾ ਸੁਆਦ ਇਸ ਨੂੰ ਮਨੁੱਖਤਾ ਦੇ ਦਰਜੇ ਤੋਂ ਬਹੁਤ ਨੀਵਾਂ ਡੇਗ ਦੇਂਦਾ ਹੈ। ਪਦਾਰਥਾਂ ਦੀ ਭੁੱਖ ਮਿਟਦੀ ਨਹੀਂ ਤੇ ਜੀਵ ਭੋਗਾਂ ਨੂੰ ਭੋਗਦਾ ਭੋਗਦਾ ਆਪਣਾ ਭੋਗ ਪੁਆ ਲੈਂਦਾ ਹੈ। ਇਕ ਇਕੱਲੇ ਜੀਵ ਤੋਂ ਲੈ ਕੇ ਵਡੇ ਵਡੇ ਸਮੂੰਹਾਂ, ਕੌਮਾਂ ਤੇ ਸੰਸਾਰ-ਜਥੇਬੰਦੀਆਂ ਦੇ ਅੰਦਰੋਂ ਇਹ ਮਾਇਆ-ਪਰਾਪਤੀ ਦੀ ਭੁੱਖ ਦੂਰ ਨਹੀਂ ਹੁੰਦੀ। ਕੀ ਗ੍ਰਹਿਸਤੀ ਤੇ ਕੀ ਉਦਾਸੀ, ਕੀ ਜਤੀ ਸਤੀ ਤੇ ਕੀ ਜੋਗੀ ਭੋਗੀ, ਸਭ ਮਾਇਆ ਦੇ ਅਸਰ ਨਾਲ ਕੀਲੇ ਹੋਏ ਨਾਚ ਨੱਚ ਰਹੇ ਹਨ।

ਛਲ ਰੂਪ ਮਾਇਆ ਤੋਂ ਬਚਣ ਦਾ ਜਿੰਨਾ ਸੁਖੈਨ ਤੇ ਸਫ਼ਲ ਸਾਧਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ, ਉਹੋ ਜਿਹਾ ਹੋਰ ਕਿਸੇ ਗ੍ਰੰਥ ਵਿਚੋਂ ਨਹੀਂ ਮਿਲਦਾ, ਆਪ ਫ਼ੁਰਮਾਉਂਦੇ ਹਨ—

ਸੇ ਉਬਰੇ ਜਿ ਸਤਿਗੁਰੁ ਕੀ ਸਰਨਾ ॥

ਕੇਵਲ ਸਤਿਗੁਰੂ ਜੀ ਦੀ ਸ਼ਰਨ ਆਇਆਂ ਹੀ ਜੀਵ ਮਾਇਆ ਦੇ ਵਿਹੁਲੇ ਅਸਰ ਤੋਂ ਬਚ ਸਕਦੇ ਹਨ। ਸਤਿਗੁਰੂ ਜੀ ਨਾਮ ਦਾ ਅਜਿਹਾ ਗਾਰੜੂ ਮੰਤਰ ਬਖ਼ਸ਼ਦੇ ਹਨ, ਜੋ ਮਾਇਆ ਦੇ ਜ਼ਹਿਰ ਦੇ ਅਸਰ ਤੋਂ ਜੀਵ ਨੂੰ ਮੁਕਤ ਕਰਾਉਂਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ :—

ਗੁਰ ਪੂਰੇ ਉਪਦੇਸ, ਸਚ ਦ੍ਰਿੜਾਇਆ ॥
ਗੁਰਮੁਖ ਭੂਪਤਿ ਭੇਸ, ਨ ਵਿਆਪੈ ਮਾਇਆ ॥......
ਗੁਰਮੁਖ ਸੁਖ ਫਲ ਸਾਧੁ ਸੰਗ,
ਮਾਯਾ ਅੰਦਰ ਕਰਨ ਉਦਾਸੀ ॥
ਚੰਦਨ ਸੱਪੀਂ ਵੇੜ੍ਹਿਆ,
ਸੀਤਲ ਸਾਂਤਿ ਸੁਗੰਧ ਵਿਗਾਸੀ ॥

ਜਿਹੜੇ ਪੁਰਸ਼ ਗੁਰ-ਉਪਦੇਸ਼ ਦੀ ਕਮਾਈ ਦੁਆਰਾ ਮਾਇਆ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ, ਮਾਇਆ ਉਨ੍ਹਾਂ ਪੁਰਸ਼ਾਂ ਦੀ ਦਾਸੀ ਹੋ ਕੇ ਸੇਵਾ ਕਰਨ ਲੱਗ ਪੈਂਦੀ ਹੈ। ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ :—

ਨਾਨਕ ਹਰਿ ਨਾਮੁ ਜਿਨੀ ਆਰਾਧਿਆ,
ਅਨਦਿਨ ਹਰਿ ਲਿਵਤਾਰ ॥
ਮਾਇਆ ਬੰਦੀ ਖਸਮ ਕੀ,
ਤਿਨ ਆਗੈ ਕਮਾਵੈ ਕਾਰ ॥

ਗੁਰਮੁਖ ਪੁਰਸ਼, ਮਾਇਆ ਦੀ ਅਸਲੀਅਤ ਨੂੰ ਪਛਾਣ ਕੇ ਇਸ ਉੱਤੇ ਪੂਰਨ ਤੌਰ ਤੇ ਵਸੀਕਾਰ ਪਰਾਪਤ ਕਰ ਲੈਂਦੇ ਹਨ। ਉਹ ਮਾਇਆ ਵਿਚ ਰਹਿੰਦਿਆਂ ਹੋਇਆਂ ਹੀ ਇਸ ਦੇ ਅਸਰ ਤੋਂ ਨਿਰਲੇਪ ਤੇ ਅਸੰਗ ਰਹਿੰਦੇ ਹਨ :—

ਏਹ ਮਾਇਆ ਜਿਤੁ ਹਰਿ ਵਿਸਰੈ,
ਮੋਹੁ ਉਪਜੈ, ਭਾਉ ਦੂਜਾ ਲਾਇਆ ॥

www.AKJ.Org

ਕਹੈ ਨਾਨਕ ਗੁਰਪਰਸਾਦੀ ਜਿਨਾ ਲਿਵਲਾਗੀ,
ਤਿਨੀ ਵਿਚੇ ਮਾਇਆ ਪਾਇਆ ॥.........
ਨਾਨਕ ਹਰਿ ਨਾਮੁ ਜਿਨੀ ਆਰਾਧਿਆ,
ਅਨਦਿਨੁ ਹਰਿ ਲਿਵਤਾਰ ॥
ਮਾਇਆ ਬੰਦੀ ਖਸਮ ਕੀ,
ਤਿਨ ਆਗੈ ਕਮਾਵੈ ਕਾਰ ॥

ਗੁਰਮੁਖਤਾ ਨੂੰ ਗ੍ਰਹਿਣ ਕਰਨ ਵਾਲੇ ਜੀਵ, ਗ੍ਰਹਿਸਤੀ ਜੀਵਨ ਬਤੀਤ ਕਰਦੇ ਹੋਏ ਵੀ, ਮਾਇਆ ਵਿਚ ਇਉਂ ਉਦਾਸ ਰਹਿੰਦੇ ਹਨ ਜਿਵੇਂ ਕੰਵਲ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਉਸ ਦੇ ਸੰਗ-ਦੋਖ ਤੋਂ ਅਸੰਗ ਰਹਿੰਦਾ ਹੈ। ਉਨ੍ਹਾਂ ਨੂੰ ਸੱਚ ਤੋਂ ਫਿਸਲਾਉਣ ਦੀ ਥਾਂ, ਸਾਰੇ ਵਿਹਾਰਾਂ ਵਿਚ ਸੁਖ ਪੁਚਾਉਂਦੀ ਤੇ ਸੇਵਾ ਕਰਦੀ ਹੈ। ਭਾਈ ਨੰਦ ਲਾਲ ਜੀ ਦਾ ਕਥਨ ਹੈ—

ਆਰਫ਼ਾਂ ਰਾ ਦੌਲਤੇ ਖ਼ੁਸ਼ਰੂ ਨੁਮਾਸਤ ॥

ਨਾਮ ਦੀ ਰੰਗਣ ਵਿਚ ਰੰਗੇ ਹੋਏ ਅਜਿਹੇ ਗੁਰਸਿਖ, ਸੱਤ, ਸੰਤੋਖ, ਦਇਆ ਦੀ ਅਵਸਥਾ ਵਿਚ ਰਹਿੰਦੇ ਹੋਏ ਸੰਸਾਰ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਖਾਣਾ, ਪੀਣਾ, ਹੱਸਣਾ ਤੇ ਸੁਖ ਮਾਨਣੇ ਸਭ ਸਫ਼ਲ ਹਨ। ਗੁਰੂ ਰਾਮਦਾਸ ਜੀ ਫ਼ੁਰਮਉਂਦੇ ਹਨ—

ਤਿਨ ਕਾ ਖਾਧਾ ਪੈਧਾ ਮਾਇਆ ਸਭਿ ਪਵਿਤੁ ਹੈ, ਜੋ ਨਾਮ ਹਰਿ ਰਾਤੇ ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ, ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥

ਸੋ ਗੁਰਮਤਿ ਅਨੁਸਾਰ ਪਦਾਰਥਾਂ ਦੀ ਭੁੱਖ ਤੇ ਵਧ ਤੋਂ ਵਧ ਮਾਇਆ ਪਰਾਪਤ ਕਰਨ ਦੀ ਤ੍ਰਿਸ਼ਨਾ ਤਦੇ ਹੀ ਮਿਟਦੀ ਹੈ ਜੇ ਜੀਵ ਆਪਣੇ ਅੰਦਰੋਂ ਹਉਮੈ ਦਾ ਅਭਾਵ ਕਰ ਕੇ, ਗੁਰ-ਉਪਦੇਸ਼ ਦੀ ਕਮਾਈ ਕਰੇ ਤੇ ਨਾਮ-ਸਿਮਰਨ ਵਿਚ ਜੁਟ ਕੇ ਜਗਤ-ਜੀਵਾਂ ਦੀ ਸੇਵਾ ਲਈ ਤਤਪਰ ਰਹੇ। ਅਜੋਕੇ ਤ੍ਰਿਸ਼ਨਾ-ਕੁੱਠੇ ਸੰਸਾਰ ਵਿਚ, ਵਧੀ ਹੋਈ ਸਭਿਅਤਾ ਦੇ ਬਾਵਜੂਦ, ਪਦਾਰਥ-ਵਾਦ ਤੇ ਮਾਦਾ-ਪ੍ਰਸਤੀ ਦਾ ਭੂਤ, ਪੜ੍ਹੀਆਂ ਹੋਈਆਂ, ਰੱਜੀਆਂ ਪੁੱਜੀਆਂ ਤੇ ਸਭ੍ਯ ਕੌਮਾਂ ਦੇ ਸਿਰ ਉਤੇ ਸਵਾਰ ਹੋਇਆ ਹੋਇਆ ਹੈ। ਉਹ ਇਕ ਦੂਜੀ ਨੂੰ ਡਰਾਉਂਦੀਆਂ-ਧਮਕਾਉਂਦੀਆਂ ਤੇ ਮਾਰੂ ਹਥਿਆਰਾਂ ਨਾਲ ਤਬਾਹ ਕਰਨ ਦਾ ਭੈ ਦਿਖਾ ਕੇ ਭੈ-ਭੀਤ ਕਰ ਰਹੀਆਂ ਹਨ, ਜਿਸ ਕਰਕੇ ਸਾਰੇ ਸੰਸਾਰ ਦੇ ਲੋਕ ਤ੍ਰਾਹੇ ਹੋਏ ਹਨ ਤੇ ਚਿੰਤਾ ਵਿਚ ਡੁੱਬੇ ਹੋਏ ਹਨ। ਜੇ ਅਜ ਦਾ ਅਕਲੱਈਆ ਜੀਵ, ਗੁਰੂ-ਉਪਦੇਸ਼ ਦੁਆਰਾ, ਮਾਇਆ ਦੀ ਅਸਲੀਅਤ ਨੂੰ ਭਾਂਪ ਕੇ ਸਿਖ ਗੁਰੂ ਸਾਹਿਬਾਂ ਦੇ ਦੱਸੇ ਹੋਏ ਦਾਰੂ ਨੂੰ ਅਪਣਾ ਲਵੇ ਤਾਂ ਵਿਸ਼ਵ ਵਿਚ ਸਦੀਵੀ ਅਮਨ, ਸ਼ਾਂਤੀ, ਏਕਤਾ, ਪ੍ਰੇਮ, ਰਵਾਦਾਰੀ, ਇਨਸਾਫ਼ ਤੇ ਸੁਖ ਦਾ ਰਾਜ ਸਥਾਪਤ ਹੋ ਸਕਦਾ ਹੈ।

# ਪਾਰੋਵਾਲ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਪ੍ਰੋਗਰਾਮ

ਪਿੰਡ ਪਾਰੋਵਾਲ (ਨੇੜੇ ਫਤਹਗੜ੍ਹ ਚੂੜੀਆਂ ਜ਼ਿਲਾ ਗੁਰਦਾਸਪੁਰ) ਵਿਚ ੧੪ ਫ਼ਰਵਰੀ ਸ਼ੁਕਰਵਾਰ ਨੂੰ ਗੁਰਦਵਾਰਾ ਸ਼ਾਹਿਬ ਵਿਚ ਸ੍ਰੀ ਅਖੰਡਪਾਠ ਰਖੇ ਜਾ ਰਹੇ ਹਨ, ਜਿਸ ਦੇ ਭੋਗ ੧੬ ਫ਼ਰਵਰੀ ੧੯੭੪ ਐਤਵਾਰ ਨੂੰ ਪੈਣਗੇ। ਅਰੰਭ ਤੇ ਭੋਗ ਸਮੇਂ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ੧੬ ਤੇ ੧੭ ਫ਼ਰਵਰੀ ਦੀ ਵਿਚਕਾਰਲੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਸੇਵਕਾਂ ਨੂੰ ਕ੍ਰਿਤਾਰਥ ਕਰਨ।

ਨੋਟ:—ਬਟਾਲੇ ਤੋਂ ਫਤਹਗੜ੍ਹ ਚੂੜੀਆਂ ਵਾਲੇ ਰਸਤੇ ੧੧ਵੇਂ ਮੀਲ ਤੇ ਪਿੰਡ ਪਾਰੋਵਾਲ ਹੈ। ਆਖ਼ਰੀ ਬਸ ਬਟਾਲੇ ਤੋਂ ੫-੩੫ ਸ਼ਾਮ ਨੂੰ ਮਿਲਦੀ ਹੈ।

ਪੁਛ-ਗਿਛ ਲਈ—

ਭਾਈ ਅਵਤਾਰ ਸਿੰਘ ਜੀ, ਗੁਰੂ ਨਾਨਕ ਜਨਰਲ ਸਟੋਰ, ਬਰਾਸਤਾ ਫ਼ਤਹਗੜ੍ਹ ਚੂੜੀਆਂ, ਪਾਰੋਵਾਲ ਜ਼ਿਲਾ ਗੁਰਦਾਸਪੁਰ।


www.AKJ.Org

# ਬੁਤਾਲੇ ਦਾ ਪੀਰ ਪੱਲ੍ਹਾ

[ ਵਲੋਂ—ਸ: ਦਸੌਂਧਾ ਸਿੰਘ ਜੀ, ਰੀਟਾਇਰਡ ਹੈੱਡਮਾਸਟਰ, ਪੱਟੀ ]

ਬੁਤਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਪ੍ਰਸਿੱਧ ਨਗਰ ਹੈ । ਇਹ ਬਾਬਾ ਬਕਾਲਾ ਤੋਂ ਪੰਜ ਮੀਲ ਤੇ ਸਠਿਆਲਾ ਤੋਂ ਦੋ ਢਾਈ ਮੀਲ ਉਤਰ ਵਲ ਹੈ । ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਏਥੇ ਇਕ ਮਾਈ ਵਸਦੀ ਸੀ, ਜਿਸ ਦੇ ਦੋ ਪੁੱਤਰ ਸਨ : ਵਡਾ ਨੌਰੰਗਾ, ਤੇ ਛੋਟਾ ਪੱਲ੍ਹਾ। ਨੌਰੰਗੇ ਦੇ ਨੌਂ ਪੁੱਤਰ ਸਨ, ਤੇ ਛੋਟਾ ਅਜੇ ਵਿਆਹਿਆ ਹੀ ਨਹੀਂ ਸੀ, ਮਾਂ ਹੀ ਉਸ ਦੀ ਰੋਟੀ ਪਕਾਂਦੀ ਸੀ, ਤੇ ਉਹ ਇਕ ਹਲ ਦੀ ਵਾਹੀ ਕਰਦਾ ਸੀ। ਵਡਾ ਭਰਾ ਅਡ ਬਾਰ ਸੀ । ਬੁਤਾਲੇ ਵਾਲੇ ਸਖੀ-ਸਰਵਰੀਏ ਸਨ, ਪਰ ਮਾਤਾ ਜੀ ਦੇ ਪੇਕੇ ਗੁਰਸਿਖ ਸਨ। ਜਦ ਮਾਤਾ ਨਿਤਨੇਮ ਦੀਆਂ ਬਾਣੀਆਂ ਪੜ੍ਹਦੀ ਤਾਂ ਪੱਲ੍ਹਾ ਪੁਛਦਾ, "ਮਾਤਾ ਜੀ, ਜਿਨ੍ਹਾਂ ਗੁਰੂਆਂ ਦੀ ਤੁਸੀਂ ਬਾਣੀ ਪੜ੍ਹਦੇ ਹੋ, ਉਹਨਾਂ ਦੇ ਦਰਸ਼ਨ ਕਿਸ ਤਰ੍ਹਾਂ ਕਰੀਦੇ ਹਨ ?" ਮਾਤਾ ਨੇ ਉਤਰ ਦਿਤਾ, "ਪੁੱਤਰ, ਜਦ ਵਾਹਿਗੁਰੂ ਦੀ ਮਿਹਰ ਹੋਵੇ ਤੇ ਗੁਰੂ ਜੀ ਦਰਸ਼ਨ ਦੇਣ ਤਾਂ ਉਨ੍ਹਾਂ ਦੇ ਚਰਨਾਂ ਵਿਚ ਇਕ ਰੁਪਿਆ ਤੇ ਇਕ ਗੁੜ ਦੀ ਰੋੜੀ (ਜਿਹੜੀ ਆਮ ਤੌਰ ਤੇ ਇਕ ਸੇਰ ਪੱਕੇ ਦੀ ਹੁੰਦੀ ਸੀ) ਰਖ ਕੇ ਮੱਥਾ ਟੇਕੀਦਾ ਹੈ ।" ਪੱਲ੍ਹੇ ਨੇ ਇਕ ਦਿਨ ਸੋਚਿਆ ਕਿ ਜੇ ਕਿਤੇ ਗੁਰੂ ਜੀ ਬਾਹਰ ਖੇਤਾਂ ਵਿਚ ਹਲ ਵਾਂਹਦੇ ਤੇ ਆ ਗਏ, ਤਾਂ ਦਰਸ਼ਨ ਤਾਂ ਹੋ ਜਾਣਗੇ, ਪਰ ਮੱਥਾ ਕਿਸ ਤਰ੍ਹਾਂ ਟੇਕੂੰ। ਓਹ ਮੇਰੇ ਰੁਪਿਆ ਤੇ ਗੁੜ ਦੀ ਰੋੜੀ ਘਰੋਂ ਲਿਆਂਦੇ ਤਕ ਚਲੇ ਜਾਣਗੇ । ਇਹ ਸੋਚ ਕੇ ਓਸ ਨੇ ਇਕ ਰੋੜੀ ਸਾਫ਼ੇ ਪੱਲੇ ਬੰਨ੍ਹ ਕੇ ਪੰਜਾਲੀ ਦੇ ਜੂਲੇ ਨਾਲ ਬੰਨ੍ਹ ਲਈ, ਤੇ ਇਕ ਰੁਪਿਆ ਪੱਗ ਪੱਲੇ ਬੰਨ੍ਹ ਲਿਆ, ਤਾਂ ਜੁ ਜਦ ਗੁਰੂ ਜੀ ਆਣਗੇ, ਓਸ ਵੇਲੇ ਹੀ ਉਨ੍ਹਾਂ ਦੇ ਚਰਨਾਂ ਵਿਚ ਰਖ ਕੇ ਮੱਥਾ ਟੇਕ ਲਵਾਂਗਾ।

ਇਹਨਾਂ ਦੇ ਘਰ ਦੇ ਸਾਹਮਣੇ ਇਕ ਪਿੱਪਲ ਦਾ ਦਰੱਖ਼ਤ ਸੀ। ਮਾਤਾ ਨੇ ਓਸਦੇ ਹੇਠ ਇਕ ਥੜਾ ਬਣਾ ਕੇ ਇਕ ਚੁਲ੍ਹਾ ਬਣਾਇਆ ਹੋਇਆ ਸੀ, ਤੇ ਆਏ ਗਏ ਰਾਹੀ ਪਾਂਧੀ ਨੂੰ ਉਥੇ ਪ੍ਰਸ਼ਾਦੇ ਤਿਆਰ ਕਰ ਕੇ ਛਕਾਇਆ ਕਰਦੀ ਸੀ । ਰਾਹੀਆਂ ਪਾਂਧੀਆਂ ਨੂੰ ਆਸ ਹੁੰਦੀ ਸੀ ਕਿ ਬੁਤਾਲੇ ਚਲ ਕੇ ਮਾਈ ਦੇ ਲੰਗਰੋਂ ਪ੍ਰਸ਼ਾਦ ਛਕ ਲਵਾਂਗੇ।

*   *   *   *

ਬਿਆਸਾ ਨਦੀ ਦੇ ਸੱਜੇ ਕੰਢੇ ਤੇ ਜ਼ਿਲਾ ਗੁਰਦਾਸਪੁਰ ਵਿਚ ਬਟਾਲੇ ਤੋਂ ਕੋਈ ਵੀਹ ਪੰਝੀ ਮੀਲ ਉਤਰ ਵਲ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਨਗਰ ਵਸਾਇਆ ਸੀ, ਜਿਸਦਾ ਨਾਮ ਸ੍ਰੀ ਹਰਿਗੋਬਿੰਦ ਪੁਰ ਹੈ । ਇਕ ਦਿਨ ਗੁਰੂ ਸਾਹਿਬ ਅਠ ਦਸ ਸਿਖਾਂ ਨਾਲ ਏਥੋਂ ਸ਼ਿਕਾਰ ਖੇਡਦੇ ਖੇਡਦੇ ਦਖਣ ਵਲ ਸੇਰੋਂ ਨਗਰ ਤਕ ਆ ਗਏ। ਇਹ ਪਿੰਡ ਬੁਤਾਲੇ ਤੋਂ ਤਿੰਨ ਮੀਲ ਪੂਰਬ ਵਲ ਬਿਆਸਾ ਦੇ ਕੰਢੇ ਤੇ ਹੈ । ਏਥੇ ਘੋੜਾ ਡਕ ਕੇ ਗੁਰੂ ਸਾਹਿਬ ਨੇ ਕਿਹਾ, "ਸਿਖੋ ! ਏਥੋਂ ਨੇੜੇ ਹੀ ਪਿੰਡ ਬੁਤਾਲੇ ਵਿਚ ਇਕ ਨੌਜਵਾਨ ਸਾਲ ਭਰ ਦਾ ਪੰਜਾਲੀ ਦੇ ਜੂਲੇ ਨਾਲ ਗੁੜ ਦੀ ਰੋੜੀ ਬੰਨ੍ਹੀ ਫਿਰਦਾ ਹੈ, ਚਲੋ ਓਸਦੀ ਰੋੜੀ ਤਾਂ ਖੁਲ੍ਹਾ ਆਈਏ।" ਜਦ ਗੁਰੂ ਸਾਹਿਬ ਬੁਤਾਲੇ ਪੁਜੇ ਤਾਂ ਪਿੰਡ ਦੇ ਪੂਰਬ ਵਲ ਨੌਰੰਗਾ ਮਿਲਿਆ। ਇਕ ਸਿਖ ਨੇ ਕਿਹਾ, "ਭਾਈ ਸਿਖਾ, ਗੁਰੂ ਸਾਹਿਬ ਆਏ ਹਨ, ਚਲੋ ਪਿੰਡ ਚਲ ਕੇ ਕੋਈ ਜਲ ਪਾਣੀ ਦਾ ਆਹਰ ਕਰੋ।" ਨੌਰੰਗੇ ਨੇ ਉਤਰ ਦਿਤਾ,"ਅਸੀਂ ਕਦੀ ਵਿਹਲੜਾਂ ਨੂੰ ਰੋਟੀਆਂ ਨਹੀਂ ਖੁਆਈਆਂ, ਲਹਿੰਦੇ ਵਲ ਹੈਗਾ ਏ ਇਕ ਮੁੰਡਾ ਤੇ ਓਹਦੀ ਮਾਂ, ਇਹ ਕੰਮ ਕਰਨ ਨੂੰ ।" ਗੁਰੂ ਸਾਹਿਬ ਹੱਸ ਕੇ ਬੋਲੇ, "ਭਾਈ, ਏਸ ਦੇ ਹੈਗੇ ਨੇ ਨੌਂ ਪੁੱਤਰ। ਨੌਂ ਘਰ ਬਝ ਜਾਣਗੇ, ਬਥੇਰੇ ਨੇ । ਇਸ ਨੂੰ ਕੀ ਲੋੜ ਹੈ, ਕਿਸੇ ਦੀ ਸੇਵਾ ਕਰਨ ਦੀ ।" ਨੌਰੰਗੇ ਦੀ ਪੱਤੀ ਦੇ ਅਜ ਵੀ ਨੌਂ ਘਰ ਹੀ ਹਨ। ਜੇ ਦਸਵਾਂ ਬਝਣ ਲਗਦਾ ਹੈ ਤਾਂ ਨੌਵਾਂ ਵਿਚੋਂ ਕਿਸੇ ਇਕ ਦਾ ਦੀਵਾ ਗੁਲ ਹੋ ਜਾਂਦਾ ਹੈ।

ਜਦ ਗੁਰੂ ਜੀ ਲਹਿੰਦੇ ਬਨੇ ਵਲ ਆਏ ਤਾਂ ਇਕ ਨੌਜਵਾਨ ਖੇਤਾਂ ਵਿਚ ਹਲ ਚਲਾ ਰਿਹਾ ਸੀ । ਓਸਨੇ ਦੂਰੋਂ ਦੇਖਿਆ ਕਿ ਇਕ ਘੋੜੇ ਦਾ ਅਸਵਾਰ, ਕਲਗੀ ਜਿਗ੍ਹਾ ਸਜਾਈ, ਦੋ ਕਿਰਪਾਨਾਂ ਪਹਿਨੇ, ਅਠਾਂ ਦਸਾਂ ਸਿਖਾਂ ਨਾਲ, ਓਸ ਵਲ ਆ ਰਿਹਾ ਹੈ। ਹਲ ਖੜਾ ਕਰ ਕੇ ਪੰਜਾਲੀ ਦੇ ਜੂਲੇ ਨਾਲੋਂ ਗੁੜ ਦੀ ਰੋੜੀ ਖੋਲ੍ਹੀ ਤੇ



www.AKJ.Org

ਪੱਗ ਪਲਿਓਂ ਰੁਪਿਆ, ਅਤੇ ਗੁਰੂ ਮਹਾਰਾਜ ਦੇ ਸਾਹਮਣੇ ਰਖ ਕੇ, ਸੀਸ ਚਰਨਾਂ ਤੇ ਧਰ ਕੇ ਮੱਥਾ ਟੇਕਿਆ । ਗੁਰੂ ਸਾਹਿਬ ਨੇ ਇਕ ਸਿਖ ਨੂੰ ਹੁਕਮ ਕੀਤਾ ਕਿ ਰੋੜੀ ਤੇ ਰੁਪਿਆ ਪੱਲੇ ਬੰਨ੍ਹ ਲਓ। ਉਥੋਂ ਚਲ ਕੇ ਪਿਪਲ ਹੇਠ ਉਸ ਥੜੇ ਤੇ ਆ ਬਿਰਾਜੇ ਜਿਥੇ ਮਾਤਾ ਜੀ ਦਾ ਚੁਲ੍ਹਾ ਸੀ। ਜਦ ਮਾਤਾ ਨੂੰ ਪਤਾ ਲਗਾ ਤਾਂ ਪ੍ਰੇਮ ਵਿਚ ਮੁਗਧ ਹੋਈ, ਇਹ ਸ਼ਬਦ ਪੜ੍ਹਦੀ ਭੱਜੀ ਆਈ :—

ਗਉੜੀ ਮਹਲਾ ੩ (੩੪੪—੪੫)

ਮਿਲੁ ਮੇਰੇ ਪ੍ਰੀਤਮਾ ਜੀਉ, ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ, ਭਾਵੈ ਅੰਨੁ ਨ ਪਾਣੀ ॥ ਪਾਣੀ ਅੰਨੁ ਨ ਭਾਵੈ ਮਰੀਐ ਹਾਵੈ, ਬਿਨੁ ਪਿਰ ਕਿਉ ਸੁਖੁ ਪਾਈਐ ॥ ਗੁਰ ਆਗੈ ਕਰਉ ਬਿਨੰਤੀ, ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥ ਆਪੇ ਮੇਲਿ ਲਏ ਸੁਖਦਾਤਾ, ਆਪਿ ਮਿਲਿਆ ਘਰਿ ਆਏ ॥

ਪ੍ਰੇਮ ਵਿਚ ਬਿਹਬਲ ਹੋਈ ਇਹੋ ਤੁਕ ਬਾਰ ਬਾਰ ਕਹੀ ਜਾਵੇ, "ਆਪੇ ਮੇਲਿ ਲਏ ਸੁਖਦਾਤਾ, ਆਪਿ ਮਿਲਿਆ ਘਰਿ ਆਏ ॥ ਆਪੇ ਮੇਲਿ ਲਏ ਸੁਖਦਾਤਾ, ਆਪਿ ਮਿਲਿਆ ਘਰਿ ਆਏ ॥" ਤੇ ਅਗਲੀ ਤੁਕ, 'ਨਾਨਕ ਕਾਮਣਿ ਸਦਾ ਸੁਹਾਗਣਿ, ਨ ਪਿਰੁ ਮਰੈ ਨ ਜਾਏ' ਦਾ ਚੇਤਾ ਹੀ ਭੁੱਲ ਗਿਆ । ਗੁਰੂ ਸਾਹਿਬ ਤੇ ਸਿਖਾਂ ਨੂੰ ਮਾਂ ਪੁੱਤ ਨੇ ਜਲ ਪਾਣੀ ਛਕਾਂਇਆ ਤੇ ਇਸ ਤੋਂ ਉਪਰੰਤ ਮਾਤਾ ਨੇ ਜਲਦੀ ਜਲਦੀ ਪ੍ਰਸ਼ਾਦ ਤਿਆਰ ਕਰ ਲਿਆ ਤੇ ਸਾਰੀ ਸੰਗਤ ਨੂੰ ਛਕਾਇਆ । ਲੰਗਰ ਦੀ ਸੇਵਾ ਤੋਂ ਵਿਹਲੇ ਹੋ ਕੇ ਦੋਵੇਂ ਮਾਂ ਅਤੇ ਪੁੱਤਰ ਗੁਰੂ ਜੀ ਦੇ ਸਨਮੁਖ ਹੱਥ ਜੋੜ ਕੇ ਬੈਠ ਗਏ। ਗੁਰੂ ਜੀ ਦੀ ਮਿਹਰ ਦੀ ਨਜ਼ਰ ਮਾਤਾ ਜੀ ਤੇ ਪਈ ਤੇ ਬੋਲੇ, "ਮਾਈ ! ਤੇਰੇ ਪੁੱਤਰ ਨੂੰ ਲੋਕੀਂ 'ਪੀਰ ਪੱਲ੍ਹਾ' ਕਿਹਾ ਕਰਨਗੇ । ਪਰ ਪੀਰੀ ਇਸੇ ਚੁਲ੍ਹੇ ਵਿਚ ਹੈ । ਇਸ ਨੂੰ ਤਪਦਾ ਰਖੀਂ, ਤੇ ਆਏ ਗਏ ਰਾਹੀਆਂ ਪਾਂਧੀਆਂ ਨੂੰ ਪ੍ਰਸ਼ਾਦ ਪਾਣੀ ਛਕਾਈ ਜਾਵੀਂ ।" ਮਾਈ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ, ਜਦ ਤਕ ਮੈਂ ਜੀਉਂਦੀ ਹਾਂ, ਇਸ ਨੂੰ ਤਪਦਾ ਰਖੂੰਗੀ, ਪਰ ਮੇਰੇ ਪੁੱਤਰ ਨੂੰ ਤਾਂ ਅਜੇ ਤਕ ਆਪਣੀ ਰੋਟੀ ਪਕਾਣ ਵਾਲੀ ਕੋਈ ਨਹੀਂ ਜੁੜੀ । ਇਹ ਇਸ ਚੁਲ੍ਹੇ ਨੂੰ ਕਿਸ ਤਰ੍ਹਾਂ ਤਪਦਾ ਰਖ ਸਕੂਗਾ ?" ਇਹ ਗੱਲ ਸੁਣ ਕੇ, ਜਿਸ ਸਿਖ ਦੇ ਪੱਲੇ ਗੁਰੂ ਸਾਹਿਬ ਨੇ ਰੋੜੀ ਤੇ ਰੁਪਿਆ ਬੰਨ੍ਹਾਇਆ ਸੀ, ਖੜਾ ਹੋ ਗਿਆ ਤੇ ਅਰਜ਼ ਕੀਤੀ, "ਗਰੀਬ ਨਿਵਾਜ਼ ! ਮੇਰੀ ਲੜਕੀ ਜਵਾਨ ਹੈ, ਜੇ ਹੁਕਮ ਕਰੋ ਤਾਂ ਮੈਂ ਹੁਣੇ ਸ਼ਗਨ ਦੇਣ ਨੂੰ ਤਿਆਰ ਹਾਂ।" ਗੁਰੂ ਸਾਹਿਬ ਦਾ ਹੁਕਮ ਲੈ ਕੇ ਉਸ ਸਿਖ ਨੇ ਰੋੜੀ ਨਾਲੋਂ ਥੋੜਾ ਜਿਹਾ ਗੁੜ ਲਾਹ ਕੇ ਪੱਲ੍ਹੇ ਦੇ ਮੂੰਹ ਨੂੰ ਲਾ ਦਿਤਾ ਤੇ ਉਹ ਰੋੜੀ ਤੇ ਰੁਪਿਆ ਉਸਦੀ ਝੋਲੀ ਵਿਚ ਪਾ ਦਿਤਾ, "ਅਜ ਤੋਂ ਦਸਵੇਂ ਦਿਨ ਜੰਞ ਲੈ ਕੇ ਆ ਜਾਓ ਤੇ ਲੜਕੀ ਵਿਆਹ ਲਿਆਓ ।" ਗੁਰੂ ਸਾਹਿਬ ਹੱਸ ਕੇ ਬੋਲੇ, "ਲੈ ਮਾਈ, ਹੁਣ ਤਾਂ ਨੂੰਹ ਵੀ ਜੁੜ ਪਈ। ਹੁਣ ਤਾਂ ਇਹ ਸੇਵਾ ਚਲਦੀ ਰਹੇਗੀ ਨਾ ?" ਮਾਤਾ ਨੇ ਕਿਹਾ, "ਮਹਾਰਾਜ ਤੇਰੀਆਂ ਤੂੰ ਹੀ ਜਾਣੇ। ਇਕ ਇਕੱਲੇ ਦੀ ਕਮਾਈ ਨਾਲ ਜਿੰਨੀ ਹੋ ਸਕੂ ਤਿੰਨੇ ਸੇਵਾ ਕਰੀ ਜਾਵਾਂਗੇ ।" ਗੁਰੂ ਸਾਹਿਬ ਨੇ ਕਿਹਾ, "ਓ ਭੋਲੀਏ ਮਾਤਾ ! ਇਕ ! ਇਕੱਲਾ ! ਤੇਰਾ ਪੁੱਤਰ ਇਕੱਲਾ ! ਏਹ ਤਾਂ ਇਕ ਤੋਂ ਸਹੰਸ ਹੋਣਗੇ । ਤੇ ਇਸ ਦੇ ਬੰਸ ਵਿਚ ਮਹਾਨ ਹਸਤੀਆਂ ਪੈਦਾ ਹੋਣਗੀਆਂ ।" ਮਾਈ ਏਨੇ ਵਰ ਪ੍ਰਾਪਤ ਕਰ ਕੇ ਫੁਲੀ ਨਾ ਸਮਾਈ ਤੇ ਇਕੋ ਰਟ ਲਾਈ ਜਾਵੇ,

"ਮਿਹਰਵਾਨੁ ਸਾਹਿਬ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥"

ਉਸ ਥੜੇ ਦੀ ਥਾਂ ਤੇ ਹੁਣ ਬੜਾ ਸ਼ਾਨਦਾਰ ਗੁਰਦਵਾਰਾ ਹੈ, ਜਿਹੜਾ ਹਾਈ ਸਕੂਲ ਦੇ ਸਾਹਮਣੇ ਹੈ, ਤੇ ਹੁਣ ਵੀ ਆਏ ਗਏ ਨੂੰ ਹਰ ਵੇਲੇ ਜਲ ਪਾਣੀ ਤੇ ਪ੍ਰਸ਼ਾਦ ਛਕਾਇਆ ਜਾਂਦਾ ਹੈ । ਫ਼ਰਵਰੀ ਦੇ ਮਹੀਨੇ ਵਿਚ ਪਲ੍ਹੇ ਦੀ ਪੱਤੀ ਵਾਲੇ 'ਪੀਰ ਪਲ੍ਹੇ' ਦੀ ਯਾਦ ਮਨਾਂਦੇ ਹਨ ਤੇ ਬੜੇ ਭਾਰੀ ਦੀਵਾਨ ਸਜਦੇ ਹਨ।

ਉਸ ਪੱਤੀ ਵਿਚੋਂ ਵਡੇ ਵਡੇ ਫ਼ੌਜੀ ਸਰਦਾਰ, ਅਫ਼ਸਰ ਮਾਲ, ਐਸ. ਡੀ. ਓ. ਤੇ ਪ੍ਰਿੰਸੀਪਲ ਹੋਏ ਹਨ। ਇਹ ਸਭ ਸੇਵਾ ਦੀਆਂ ਹੀ ਬਰਕਤਾਂ ਹਨ। ਤੇ ਜਿਸ ਦੇ ਭਾਗਾਂ ਵਿਚ ਸੇਵਾ ਨਹੀਂ ਸੀ, ਉਸ ਦੇ ਨੌਂ ਦੇ ਨੌਂ ਘਰ ਹੀ ਹਨ।

* * * *

ਦੋ ਕੁ ਸਾਲ ਹੋਏ, ਮੈਨੂੰ ਗੋਇੰਦਵਾਲ ਸਾਹਿਬ ਭਾਦੋਂ



www.AKJ.Org

ਦੀ ਪੁੰਨਿਆ ਦੇ ਮੇਲੇ ਤੇ ਜਾਣ ਦਾ ਅਵਸਰ ਪ੍ਰਾਪਤ ਹੋਇਆ। ਦਿਨ ਦੇ ਦੀਵਾਨ ਵਿਚ ਕਵੀਸ਼ਰ ਜਨ ਕਵੀਸ਼ਰੀ ਤੇ ਸਿਖ-ਇਤਿਹਾਸ ਸੁਣਾ ਰਹੇ ਸਨ। ਇਕ ਬੀਬੀ ਉਠੀ, ਤੇ ਇਕ ਰੁਪਿਆ ਕਵੀਸ਼ਰ ਨੂੰ ਦਿਤਾ ਤੇ ਇਕ ਸਟੇਜ-ਸੈਕਟਰੀ ਨੂੰ ਲੰਗਰ ਲਈ ਦੇ ਕੇ ਕਿਹਾ, ਕਿ ਮੇਰੇ ਵੀਰ ਦੇ ਘਰ ਪੁੱਤਰ ਦੀ ਅਰਦਾਸ। ਇਕ ਹੋਰ ਮਾਈ ਉਠੀ ਤੇ ਇਕ ਰੁਪਿਆ ਕਵੀਸ਼ਰ ਨੂੰ ਤੇ ਪੰਜ ਰੁਪੈ ਸੈਕਟਰੀ ਨੂੰ ਲੰਗਰ ਲਈ ਦੇ ਕੇ ਕਹਿਣ ਲਗੀ, "ਮੇਰੇ ਘਰ ਪੋਤਰੇ ਦੀ ਅਰਦਾਸ ਤੇ ਜੇ ਮੇਰੇ ਘਰ ਪੋਤਰਾ ਹੋਇਆ ਤਾਂ ਅਗਲੇ ਵਰ੍ਹੇ ਇਕ ਸੌ ਪੰਜ ਚੜ੍ਹਾਊਂ।" ਕਵੀਸ਼ਰ ਨੇ ਏਸੇ ਤਰ੍ਹਾਂ ਹੀ ਅਰਦਾਸਾ ਬੋਲ ਦਿਤਾ। ਮੈਂ ਲਾਗਿਓਂ ਕਹਿ ਦਿਤਾ, "ਮਾਈ! ਜੇ ਤੇਰੇ ਪੋਤਰਾ ਹੋ ਗਿਆ ਤਾਂ ਤੂੰ ਇਕ ਸੌ ਪੰਜ ਚੜ੍ਹਾ ਜਾਈਂ; ਪਰ ਜੇ ਨਾ ਹੋਇਆ ਤਾਂ ਇਕ ਸੌ ਪੰਜ ਤਾਂ ਕਿਤੇ ਰਹੇ, ਇਨ੍ਹਾਂ ਇਹ ਪੰਜ ਵੀ ਨਹੀਓਂ ਮੋੜਨੇ।" ਪ੍ਰਬੰਧਕਾਂ ਵਲੋਂ ਮੈਨੂੰ ਗੋਇੰਦਵਾਲ ਸਾਹਿਬ ਦਾ ਇਤਿਹਾਸ ਸੁਨਾਣ ਦਾ ਹੁਕਮ ਹੋਇਆ। ਇਤਿਹਾਸ ਸੁਣ ਕੇ ਸੰਗਤ ਵਲੋਂ ਅਵਾਜ਼ ਆਈ ਕਿ ਪੰਦਰ੍ਹਾਂ ਮਿੰਟਾਂ ਲਈ ਕੁਝ ਹੋਰ ਵੀ ਸੁਣਾਇਆ ਜਾਵੇ। ਮੈਂ ਮਾਈਆਂ ਤੇ ਬੀਬੀਆਂ ਨੂੰ ਸੰਬੋਧਨ ਕਰ ਕੇ 'ਪੀਰ ਪੱਲ੍ਹੋ' ਦੀ ਵਾਰਤਾ ਸੁਣਾਈ ਤੇ ਕਿਹਾ, "ਬੀਬੀਓ! ਤੁਹਾਡੀ ਬੜੀ ਪ੍ਰਬਲ ਇਛਾ ਹੈ ਕਿ ਤੁਹਾਡੇ ਘਰੀਂ ਪੁੱਤਰ ਤੇ ਪੋਤਰੇ ਹੋਣ। ਪਰ ਕਵੀਸ਼ਰਾਂ ਦੇ, ਤੇ ਆਪੇ ਬਣੇ ਨਾਮ-ਧਰੀਕ ਦੰਭੀ ਸੰਤਾਂ ਦੇ ਅਰਦਾਸਿਆਂ ਨਾਲ ਪੁੱਤ-ਪੋਤਰੇ ਨਹੀਂ ਮਿਲਦੇ। ਇਹ ਮਿੱਠੀ ਦਾਤ ਤਾਂ ਪੱਲ੍ਹੋ ਦੀ ਮਾਤਾ ਵਰਗੀ ਸੇਵਾ ਨਾਲ ਹੀ ਪ੍ਰਾਪਤ ਹੁੰਦੀ ਹੈ। ਪੰਜ ਰੁਪਏ ਅਰਦਾਸ ਕਰਾਣ ਵਾਲੀ ਬੀਬੀ ਜੀ! ਗੁਰੂ ਘਰ ਵਿਚੋਂ ਪੁੱਤ ਪੋਤਰੇ ਲੈਣ ਦੀ ਵਿਧੀ ਸੁਣ ਲੈ, "ਹਰ ਰੋਜ਼ ਘਰ ਵਿਚ ਜਦ ਰੋਟੀ ਪਕਾਣ ਲਗੋ, ਤਾਂ ਇਕ ਮੁੱਠ ਆਟੇ ਦੀ ਕੱਢ ਕੇ ਇਕ ਘੜੇ ਵਿਚ ਪਾਈ ਜਾਉ। ਮਹੀਨੇ ਪਿਛੋਂ ਇਹ ਇਕੱਠਾ ਹੋਇਆ ਆਟਾ ਏਥੇ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਲੈ ਆਓ ਤੇ ਆਪਣੀ ਹੱਥੀਂ ਪ੍ਰਸ਼ਾਦੇ ਤਿਆਰ ਕਰ ਕੇ ਸੰਗਤਾਂ ਨੂੰ ਛਕਾਉ। ਤੇ ਫੇਰ ਸੰਗਤ ਵਿਚ ਹਾਜ਼ਰ ਹੋ ਕੇ ਬੇਨਤੀ ਕਰੋ, ਕਿ ਗੁਰੂ ਰੂਪੀ ਸਾਧ ਸੰਗਤ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰੇ ਕਿ ਤੁਹਾਨੂੰ ਵਾਹਿਗੁਰੂ ਪੁੱਤਰ ਦੀ ਦਾਤ ਬਖ਼ਸ਼ੇ। ਜੇ ਵਾਹਿਗੁਰੂ ਦੀ ਮਿਹਰ ਹੋਈ ਤਾਂ ਸੰਗਤ ਵਿਚੋਂ ਕਿਸੇ ਸੇਵਾ ਦੇ ਪੁੰਜ ਬ੍ਰਹਮ-ਗਿਆਨੀ ਦੇ ਮੂੰਹੋਂ ਸੁੱਤੇ ਸਿਧ ਹੀ ਤੁਹਾਨੂੰ ਪੁੱਤਰ ਦਾ ਵਰ ਪ੍ਰਾਪਤ ਹੋ ਜਾਏਗਾ। ਗੁਰੂ ਦੀਆਂ ਮਿਹਰਾਂ ਤਾਂ ਸੇਵਾ ਨਾਲ ਹੀ ਪ੍ਰਾਪਤ ਹੁੰਦੀਆਂ ਹਨ, ਮਾਇਕ ਅਰਦਾਸਿਆਂ ਨਾਲ ਨਹੀਂ।

## ਨਕਲੀ ਨਿਰੰਕਾਰੀਆਂ ਸੰਬੰਧੀ ਗੁਰਮਤਾ

ਗੁਰਦੁਆਰਾ ਸਾਹਿਬ ਪਿੰਡ ਮਾਲਬ ਜ਼ਿਲਾ ਗੁੜਗਾਉਂ ਦੀ ਸੰਗਤ ਨੇ ਨਕਲੀ ਨਿਰੰਕਾਰੀਆਂ ਦੇ ਦੰਭੀ ਗੁਰੂ ਸੰਬੰਧੀ ਇਕ ਗੁਰਮਤਾ ੧੫ ਦਸੰਬਰ ੧੯੭੩ ਨੂੰ ਸੰਗਰਾਂਦ ਦੇ ਭਰੇ ਦੀਵਾਨ ਵਿਚ ਪਾਸ ਕੀਤਾ, ਜੋ ਹੇਠਾਂ ਦਰਜ ਕੀਤਾ ਜਾਂਦਾ ਹੈ :—

ਅਜ ਸੰਗ੍ਰਾਂਦ ਪੋਹ ਦੇ ਦਿਨ ਗੁਰਦੁਆਰਾ ਪਿੰਡ ਮਾਲਬ (ਗੁੜਗਾਉਂ) ਵਿਖੇ ਸਜਿਆ ਦੀਵਾਨ ਸਰਬ ਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕਰ ਕੇ ਸ਼੍ਰੋ: ਗੁ: ਪ੍ਰ: ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ, ਸਮੂਹ ਸਿੰਘ ਸਭਾਵਾਂ ਅਤੇ ਸਿਖ ਸੰਸਥਾਵਾਂ ਤੋਂ ਮੰਗ ਕਰਦਾ ਹੈ–

ਕਿ ਅਖੌਤੀ ਗੁਰੂ ਨਿਰੰਕਾਰੀ ਗੁਰਬਚਨ ਸਿੰਘ ਤੇ ਉਸ ਦੀ ਪਤਨੀ, ਜੋ ਥਾਂ ਪਰ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਘ੍ਰਿਣਾ ਭਰੇ ਨਿੰਦਨੀਯ ਵਾਕਾਂ ਰਾਹੀਂ ਗੁਰਮਤ ਵਿਰੁਧ ਜ਼ਹਿਰੀਲਾ ਪ੍ਰਚਾਰ ਪ੍ਰੋਪੇਗੰਡਾ ਕਰ ਰਹੇ ਹਨ, ਇਨ੍ਹਾਂ ਵਿਰੁਧ ਠੋਸ ਕਾਰਵਾਈ ਕੀਤੀ ਜਾਵੇ ਅਤੇ ਜਦ ਤਕ ਇਹ ਦੋਵੇਂ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਲਿਖਤੀ ਮੁਆਫ਼ੀ ਨਾ ਮੰਗਣ, ਕਾਰਵਾਈ ਜਾਰੀ ਰਖੀ ਜਾਵੇ।

ਨਾਲ ਹੀ ਇਹ ਦੀਵਾਨ ਸਮੂਹ ਪੰਥਕ ਵਿਦਵਾਨਾਂ, ਪ੍ਰਚਾਰਕਾਂ ਤੇ ਰਾਗੀ ਜਥਿਆਂ ਨੂੰ ਵੀ ਬਿਨੇ ਕਰਦਾ ਹੈ ਕਿ ਹਰ ਥਾਂ ਪ੍ਰਚਾਰ ਸਮੇਂ ਸੰਗਤਾਂ ਨੂੰ ਗੁਰਬਾਣੀ ਤੇ ਗੁਰ-ਇਤਿਹਾਸ ਦੇ ਪ੍ਰਮਾਣਾਂ ਦੁਆਰਾ ਸ਼ਬਦ ਗੁਰੂ, ਬਾਣੀ ਗੁਰੂ ਸਿੱਧ ਕਰਦਿਆਂ ਖੋਲ੍ਹ ਕੇ ਸਮਝਾਇਆ ਜਾਵੇ, ਤਾਕਿ ਭੋਲੇ ਭਾਲੇ ਗੁਰਸਿਖ ਅਨਮਤੀਆਂ ਦੇ ਹਥਕੰਡਿਆਂ ਤੋਂ ਸੁਚੇਤ ਰਹਿਣ।

www.AKJ.Org

# ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ

[ਸੋਰਠਿ ਮਹਲਾ ੫]

ਆਦ ਗੁਰੂ ਗੁਰ ਨਾਨਕ ਜੀ ਨੇ, ਪੰਥ ਦਾ ਬੂਟਾ ਲਾਇਆ।
ਦਸਾਂ ਗੁਰਾਂ ਨੇ ਘਾਲਣਾ ਘਾਲੀ, ਇਸ ਨੂੰ ਲਾਡ ਲਡਾਇਆ।
ਦਸਮ ਪਿਤਾ ਨੇ ਪੰਥ ਦੇ ਉਤੋਂ, ਸਭ ਸਰਬੰਸ ਘੁਮਾਇਆ।
ਪੰਥ ਨੂੰ ਸ਼ਬਦ-ਗੁਰੂ ਲੜ ਲਾ ਕੇ, ਝਗੜਾ ਸਭ ਮੁਕਾਇਆ।
ਪਾਪੀ ਪਾਥਰ ਨਿਰਗੁਨੀਆਰੇ, ਸਭ ਉਪਕਾਰ ਵਿਸਾਰੇ।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ।

ਬਾਈ ਮੰਜੀਆਂ ਲਗੀਆਂ ਬਕਾਲੇ, ਹੁਣ ਤਾਂ ਅੰਤ ਨਾ ਕੋਈ।
ਕਿਤਨੇ ਗੁਰੂ ? ਤੇ ਕਿਤਨੇ ਡੇਰੇ ? ਗਿਣ ਨਹੀਂ ਸਕਦਾ ਕੋਈ।
ਖੁਲ੍ਹੇ ਝਾੜੂ ਵਾਂਗ ਪੰਥ ਅਜ, ਹੋਇਆ ਤੀਲਾ ਤੀਲਾ।
ਪੰਥ-ਏਕਤਾ ਸਾਰੇ ਚਾਹੁੰਦੇ, ਕੋਈ ਨਾ ਬਣੇ ਵਸੀਲਾ।
ਕਲਜੁਗ ਘੋਰ ਅੰਧੇਰਾ ਛਾਇਆ, ਬਹੁੜੋ ਗੁਰੂ ਪਿਆਰੇ।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ।

ਸ਼ਰੇ-ਆਮ ਸਿਖਾਂ ਦੇ ਬੱਚੇ, ਕੇਸ ਕਟਾਈ ਜਾਂਦੇ।
'ਮਿਲੀ ਅਜ਼ਾਦੀ, ਲੋੜ ਨਾ ਕੋਈ', ਕਹਿੰਦੇ ਨਾ ਸ਼ਰਮਾਂਦੇ।
ਸਾਬਤ ਕੇਸ ਤੇ ਦਾੜ੍ਹੀ ਵਾਲਾ, ਟਾਵਾਂ ਟਾਵਾਂ ਦਿਸੇ।
ਖ਼ੂਨ ਦੇ ਹੰਝੂ ਦਿਲ ਰੋਂਵਦਾ, ਵਿਚੋ ਵਿਚ ਪਿਆ ਹਿਸੇ।
ਤਕ ਨਿਘਰਦੀ ਪੰਥ-ਪਨੀਰੀ, ਦਿਲ ਤੇ ਚਲਦੇ ਆਰੇ।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ।

ਸਿਖ-ਸਰੂਪ ਦੀ ਵੇਖ ਬੇਅਦਬੀ, ਦਿਲ ਚੋਂ ਨਿਕਲਣ ਹੂਕਾਂ।
ਹੋਰ ਸਹਾਰਾ ਕੋਈ ਨਾ ਦਿਸਦਾ, ਗੁਰੂ ਗੁਰੂ ਪਈ ਕੂਕਾਂ।
ਖ਼ੁਦਗਰਜ਼ੀ ਚੌਧਰ ਵਿਚ ਫਸੇ, ਕੀ ਉਹ ਕਰਨ ਵਿਚਾਰੇ।
ਨਾ ਕੋਈ ਆਗੂ ਨਾ ਕੋਈ ਲੀਡਰ, ਪੰਥ ਦੀ ਕੌਣ ਸਵਾਰੇ।
ਖੇਤੀ ਖਸਮਾਂ ਸੇਤੀ ਹੁੰਦੀ, ਸਚ ਹੀ ਕਹਿੰਦੇ ਸਾਰੇ।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ।

ਜੁਗੋ ਜੁਗ ਅਟੱਲ ਸਤਿਗੁਰੂ, ਗੁਰੂ ਗ੍ਰੰਥ ਮਹਾਰਾਜ!
ਗੁਰ-ਗਦੀ ਦੇ ਮਾਲਕ ਸਤਿਗੁਰ, ਪੰਥ ਦੀ ਰਖੋ ਲਾਜ!
(ਆਪ ਨੂੰ)ਕਲਗੀਧਰ ਨੇ ਪੰਥ ਸੌਂਪਿਆ, ਸੁਣੋ ਗਰੀਬ-ਨਿਵਾਜ਼!
ਬਾਂਹ ਪਕੜੋ ਤੇ ਪਾਰ ਉਤਾਰੋ, ਪੰਥ ਦੇ ਹੇ ਸਿਰਤਾਜ!
ਨਿਕੀ ਜੇਹੀ ਨਿਮਾਣੀ ਜਿੰਦੜੀ, ਪਈ 'ਲਿਵਲੀਨ' ਪੁਕਾਰੇ।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ, ਬੁਰੇ ਭਲੇ ਹਮ ਥਾਰੇ।

[ ਵਲੋਂ—ਗੁਰਚਰਨ ਕੌਰ 'ਲਿਵਲੀਨ', ਮਾਡਲ ਟਾਊਨ, ਜਲੰਧਰ



www.AKJ.Org

# ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ

[ ਵਲੋਂ—ਸ: ਪ੍ਰਹਿਲਾਦ ਸਿੰਘ ਜੀ ਨਾਰਵੀ, ਐਮ. ਏ. ਕਾਨਪੁਰ ]

ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਸਿਖਾਂ ਲਈ ਕਰੜੇ ਆਦੇਸ਼ ਅਤੇ ਆਤਮਕ ਕਲਿਆਣ ਲਈ ਮਧੁਰ ਉਪਦੇਸ਼ ਨੂੰ ਪੰਥ ਪ੍ਰਕਾਸ਼ ਦਾ ਲਿਖਾਰੀ ਇਉਂ ਕਥਨ ਕਰਦਾ ਹੈ—

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ।

ਸਤਿਗੁਰਾਂ ਨੇ ਦਸ ਗੁਰੂ ਸਾਹਿਬਾਨ ਦੇ ਆਤਮਕ ਸਰੂਪ, ਜੁਗੋ ਜੁਗ ਅਟੱਲ, ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗਦੀ ਬਖ਼ਸ਼ ਕੇ ਖ਼ਾਲਸਾ ਪੰਥ ਨੂੰ ਇਨ੍ਹਾਂ ਦੀ ਤਾਬਿਆ ਕਰ ਦਿਤਾ। ਰਹਿਤਨਾਮਿਆਂ ਵਿਚ ਆਪ ਦਾ ਫ਼ੁਰਮਾਨ ਇਸ ਪ੍ਰਕਾਰ ਹੈ :—

ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ,
ਦੀਦਾਰ ਖਾਲਸੇ ਕਾ।

ਸੋ ਗੁਰੂ ਕੇ ਸਿਖ ਇਕ ਅਕਾਲ ਪੁਰਖ ਦੇ ਪੁਜਾਰੀ ਹਨ। ਅਕਾਲ ਪੁਰਖ ਦੇ ਮਿਲਾਪ ਦਾ ਮਾਧਿਅਮ 'ਗੁਰੂ ਕਾ ਸ਼ਬਦ' ਹੈ ਅਤੇ ਗੁਰੂ ਦੇ ਪ੍ਰਤੱਖ ਦਰਸ਼ਨ ਤਿਆਰ-ਬਰ-ਤਿਆਰ ਗੁਰੂ ਖ਼ਾਲਸੇ ਦੇ ਦਰਸ਼ਨ ਹਨ।

ਗੁਰਬਾਣੀ ਗੁਰੂ ਦਾ ਪ੍ਰਤੱਖ ਸਰੂਪ ਹੈ। ਇਸ ਵਿਚ ਅੰਮ੍ਰਿਤ ਭਰਪੂਰ ਹੈ। ਗੁਰਬਾਣੀ ਭਗਤੀ ਦਾ ਭੰਡਾਰ ਹੈ। ਇਸ ਨੂੰ ਪੜ੍ਹਨ ਸੁਣਨ ਵਾਲੇ ਨਿਹਾਲ ਅਤੇ ਜੀਵਨ-ਮੁਕਤ ਹੋ ਜਾਂਦੇ ਹਨ। ਬਾਣੀ ਅਕਾਲ ਪੁਰਖ ਤੋਂ ਆਈ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਨ ਹੋਈ ਸਾਰੇ ਰੋਗਾਂ ਦੀ ਔਖਦੀ ਅਤੇ ਆਤਮ-ਕਲਿਆਣਕਾਰੀ ਬੂਟੀ ਹੈ।

ਗੁਰਬਾਣੀ ਜੀਵਨ ਲਈ ਉਹ ਅੰਮ੍ਰਿਤ-ਭੋਜਨ ਹੈ ਜਿਸ ਤੋਂ ਮਨੁੱਖਤਾ ਸਦਾ ਆਤਮਕ ਸੰਤੁਸ਼ਟਤਾ ਪ੍ਰਾਪਤ ਕਰਦੀ ਹੈ। "ਗੁਰਬਾਣੀ ਇਸ ਜਗ ਮਹਿ ਚਾਨਣ" ਮਹਾਨ ਚਾਨਣ ਮੁਨਾਰਾ (Light-House) ਹੈ। "ਗੁਰਬਾਣੀ ਇਕ ਪ੍ਰਕਾਰ ਦਾ ਆਤਮਕ ਰਸ ਭਰਪੂਰ ਅਧਿਐਨ ਤੇ ਅਨਭਵੀ ਪ੍ਰਕਾਸ਼ ਹੈ।" (ਪਦਮ)

ਇਹ—ਸਬਦੁ ਗੁਰ ਪੀਰਾ, ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ (ਹੈ)।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ ਦੇ ਅਧਿ-ਆਤਮਕ ਭੋਜਨ ਦਾ ਥਾਲ ਹਨ, ਜਿਨ੍ਹਾਂ ਵਿਚ ਵਾਹਿਗੁਰੂ ਦਾ ਨਾਮ ਅਤੇ ਮਨੁੱਖਤਾ ਦੇ ਸਦਾਚਾਰ ਨੂੰ ਉਚਾ ਕਰਨ ਵਾਲੇ 'ਸਤ' 'ਸੰਤੋਖ' ਅਤੇ 'ਵੀਚਾਰ' ਦੇ ਸਰਬ-ਸਰੇਸ਼ਟ ਗੁਣ ਭਰਪੂਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਅਪਰ ਅਪਾਰ ਹੈ। ਇਹ ਅਗਿਆਨਤਾ ਦੇ ਅੰਨ੍ਹੇਰੇ ਤੋਂ ਕਢ ਕੇ ਮਨੁੱਖ ਨੂੰ ਅਗੰਮੀ ਗਿਆਨ ਬਖਸ਼ਣ ਵਾਲਾ ਇਕ ਖ਼ਜ਼ਾਨਾ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਅਤੇ ਮਾਨਵੀ ਸਮਾਜ ਲਈ ਅਦੁੱਤੀ ਦੇਣ ਹੈ। ਸਤਯੰ, ਸ਼ਿਵੰ, ਸੁੰਦਰਮੰ ਦੀ ਭਰਪੂਰ ਨਿਧੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਮਨੁੱਖ ਨੂੰ ਪ੍ਰਭੂ-ਭਗਤੀ, ਸੇਵਾ, ਸਿਮਰਨ, ਸਦਾਚਾਰ, ਪਰਉਪਕਾਰ, ਪਰਸਪਰ ਭਰਾਤ੍ਰੀ ਪ੍ਰੇਮ, ਸੰਤੁਸ਼ਟ ਜੀਵਨ ਦੀ ਸਚੀ ਪ੍ਰੇਰਨਾ ਬਖ਼ਸ਼ਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਲੱਖਣਤਾ ਇਸ ਗੱਲ ਦੀ ਹੈ ਕਿ ਇਹ ਇਕ ਅੰਤਰ-ਰਾਸ਼ਟਰੀ ਧਾਰਮਕ ਗ੍ਰੰਥ (International Religious Book) ਹੈ, ਜਿਸ ਵਿਚ ਸਾਰੇ ਧਰਮਾਂ, ਸਭ ਜਾਤੀਆਂ ਅਤੇ ਸਭ ਊਚ-ਨੀਚ ਸ੍ਰੇਣੀਆਂ ਨੂੰ ਸਾਂਝਾ ਉਪਦੇਸ਼ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਦੇ ਧਾਰਮਕ ਗ੍ਰੰਥਾਂ—ਵੇਦ, ਸ਼ਾਸਤਰ, ਗੀਤਾ, ਕੁਰਾਨ, ਤੌਰੇਤ, ਅੰਜ਼ੀਲ, ਸਿਮਰਤੀਆਂ—ਨੂੰ ਸਾਰਾ ਸਮਾਜ ਸਾਂਝੀਵਾਲਤਾ ਦੇ ਤੌਰ ਤੇ ਅਪਣਾ ਨਾ ਸਕਿਆ। ਇਨ੍ਹਾਂ ਗ੍ਰੰਥਾਂ ਦੇ ਪੜ੍ਹਨ ਸੁਣਨ ਦੀ

www.AKJ.Org

ਆਮ ਸ਼੍ਰੇਣੀਆਂ ਨੂੰ ਆਗਿਆ ਵੀ ਨਹੀਂ ਸੀ, ਇਹ ਕੇਵਲ ਆਪਣੇ ਆਪਣੇ ਧਰਮ ਜਾਂ ਮਤ ਦੇ ਪ੍ਰਚਾਰਕ ਗ੍ਰੰਥ ਸਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਹਿਦ ਇਕੋ ਇਕ ਧਾਰਮਿਕ ਗ੍ਰੰਥ ਹੈ ਜੋ ਸਰਬ ਮਨੁੱਖਤਾ ਦੀ ਪ੍ਰਤੀਨਿਧਤਾ ਕਰਦਾ ਹੈ ।

ਸੰਸਾਰ-ਪ੍ਰਸਿਧ ਦਾਰਸ਼ਨਿਕ, ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨਨ ਜੀ ਨੇ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਸ ਪ੍ਰਕਾਰ ਕਥਨ ਕੀਤਾ ਹੈ—"ਸਭ ਧਰਮਾਂ ਵਿਚ ਸੁਮੇਲਤਾ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸ ਵਿਚ ਗੁਰਮਤਿ ਸਿਧਾਂਤਾਂ ਤੋਂ ਇਲਾਵਾ ਹਿੰਦੂਆਂ ਤੇ ਮੁਸਲਮਾਨਾਂ ਦੀ ਬਾਣੀ ਵੀ ਅੰਕਿਤ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਸਿਖਾਂ ਨੂੰ ਹੀ ਨਹੀਂ, ਸਗੋਂ ਸਾਰੇ ਭਾਰਤ-ਵਾਸੀਆਂ ਨੂੰ ਮਾਣ ਹੈ । ਅਸੀਂ ਏਸ ਦੇ ਅਧਿਆਤਮਕ ਖ਼ਜ਼ਾਨੇ ਨੂੰ ਪ੍ਰਣਾਮ ਕਰਦੇ ਹਾਂ ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮੰਨਣਾ, ਦਸ ਗੁਰੂ ਸਾਹਿਬਾਨ ਦੇ ਉਪਦੇਸ਼ ਤੇ ਹੁਕਮ ਨੂੰ ਮੰਨਣਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਮ੍ਰਿਤ-ਨਾਮ ਠਾਕੁਰ ਕਾ ਪਇਆ ਹੋਇਆ ਹੈ । ਸਮੱਗਰ ਗੁਰਬਾਣੀ ਇਸੇ ਇਕੋ ਅੰਮ੍ਰਿਤ-ਨਾਮ ਨੂੰ ਹੀ ਹੁਕਮਾਉਂਦੀ, ਵਿਆਖਿਆਉਂਦੀ ਤੇ ਦ੍ਰਿੜ੍ਹਾਉਂਦੀ ਹੈ । ਗੁਰਬਾਣੀ ਨੇ ਨਾਮ ਦੀ ਮਹਿਮਾ ਅਪਰ-ਅਪਾਰ ਦਰਸਾਈ ਹੈ । ਇਸ ਅੰਮ੍ਰਿਤ-ਨਾਮ ਦੇ ਸੁਣਨ ਪੜ੍ਹਨ ਤੇ ਮੰਨਣ ਨਾਲ ਹੀ ਆਤਮਕ ਚੇਤੰਨਤਾ ਪ੍ਰਾਪਤ ਹੁੰਦੀ ਹੈ, ਆਪਣੇ ਆਪੇ ਦੀ ਸੋਝੀ ਹੋ ਆਉਂਦੀ ਹੈ ਅਤੇ ਸਹਿਜੇ ਸਹਿਜੇ ਬਾਹਰ-ਮੁਖੀ ਸੁਰਤ ਅੰਤਰਮੁਖੀ ਹੋ ਜਾਂਦੀ ਹੈ । ਇਉਂ ਗੁਰਸਿਖ ਦੀ ਲਿਵ ਪਕ ਕੇ ਉਨਮਨ ਦਸ਼ਾ ਸਹਿਜ ਅਵਸਥਾ ਵਿਚ ਟਿਕ ਕੇ ਨਿਰੰਕਾਰ ਜੀ ਦੇ ਦੇਸ਼ ਸਚਖੰਡ ਦਾ ਵਾਸੀ ਬਣਾਂਦੀ ਹੈ ।

ਪੰਥ ਦੇ ਸਿਰਜਨਹਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਪਣੇ ਖ਼ਾਲਸਾ ਪੰਥ ਪ੍ਰਤੀ ਇਕ ਕਰੜਾ ਆਦੇਸ਼ ਇਹ ਹੈ ਕਿ ਗੁਰੂ ਕਾ ਸਿਖ, ਗੁਰੂ ਭਾਵਨਾ ਨੂੰ ਮੁੱਖ ਰਖ ਕੇ ਆਪਣਾ ਮਸਤਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਹੀ ਝੁਕਾਵੇ; ਗੁਰਮੁਖਾਂ, ਗੁਰਸਿਖਾਂ, ਨਾਮ-ਰਸੀਆਂ ਦਾ ਸਤਿਕਾਰ ਕਰੇ; ਹੋਰ ਧਰਮਾਂ ਦੇ ਅਵਤਾਰਾਂ ਤੇ ਪੀਰ-ਪੈਗ਼ੰਬਰਾਂ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖੇ; ਪਰ ਆਪਣੇ ਹਿਰਦੇ ਵਿਚ ਗੁਰੂ ਵਾਲੀ ਸ਼ਰਧਾ-ਭਾਵਨੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹੀ ਰਖੇ ।

ਗੁਰਸਿਖ ਦਾ ਕਰਤਵ ਹੈ ਕਿ ਆਤਮਕ ਅਨੰਦ ਤੋਂ ਥੋਥੇ ਮਨਮਤੀਏ, ਪਖੰਡੀ ਗੁਰੂਆਂ ਦੇ ਜਾਲ ਵਿਚ ਨਾ ਫਸੇ । ਇਹ ਸਵਾਰਥੀ ਤੇ ਨੀਚ ਲੋਕ ਗੁਰਬਾਣੀ ਦੀ ਚੋਗ ਪਾਂਦੇ ਅਤੇ ਆਪਣੇ ਮਿੱਠੇ ਮਿੱਠੇ ਸ਼ਬਦਾਂ ਦੁਆਰਾ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਂਦੇ ਹਨ । ਸਵਾਰਥੀ, ਚਾਤਰ, ਅਧਮ, ਨੀਚ ਤੇ ਪਖੰਡੀ ਗੁਰੂ 'ਆਪ ਤਾਂ ਮੋਇਓਂ ਬਾਹਮਣਾ ਜਜਮਾਨ ਵੀ ਨਾਲੇ' ਆਪਣੇ ਚੇਲੇ ਚੇਲੀਆਂ ਦਾ ਜੀਵਨ, ਸਤ ਧਰਮ ਭ੍ਰਸ਼ਟ ਕਰਦੇ, ਨਰਕ ਗਾਮੀ ਬਣਦੇ ਹਨ । ਗੁਰੂ ਪੰਥ ਨੂੰ ਬਚਣ ਦੀ ਲੋੜ ਹੈ ਇਨ੍ਹੀ ਨਥੂ ਖੈਰੇ ਬਣਾਉਟੀ ਗੁਰੂਆਂ ਤੋਂ । ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਤੇ ਗੁਰਮਤਿ ਅਸੂਲਾਂ ਦੀ ਵਿਰੋਧਤਾ ਕਰਨ ਵਾਲੇ ਭੇਖਧਾਰੀਆਂ ਨੂੰ ਸੰਸਾਰ ਵਿਚ ਜੀਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ । ਪਖੰਡੀਆਂ ਦਾ ਸਾਥ ਕਰਨ ਵਾਲਿਆਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ :—

'ਖਸਮੁ ਛੋਡ ਦੂਜੈ ਲਗੇ,
ਡੂਬੇ ਸੇ ਵਣਜਾਰਿਆ ॥'

ਕਲਗੀਧਰ ਜੀ ਦਾ ਹੁਕਮ ਹੈ ਕਿ ਗੁਰਸਿਖ ਆਪਣੀਆਂ ਸੰਸਾਰਕ ਤੇ ਪ੍ਰਮਾਰਥਕ ਮੰਗਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੇ, ਉਸ ਦੀਆਂ ਮਨ-ਇਛਤ ਸ਼ੁਭ ਕਾਮਨਾਵਾਂ ਪੂਰੀਆਂ ਹੋਣਗੀਆਂ । ਧਾਗੇ ਤਵੀਤ, ਮੰਤ੍ਰ-ਜੰਤ੍ਰ, ਟੂਣੇ ਜਾਦੂ ਆਦਿ ਕੋਈ ਵੀ ਗੁਰੂ ਦੇ ਮੰਤਰ ਦੇ ਨੇੜੇ ਨਹੀਂ ਫਟਕ ਸਕਦਾ । ਕੇਵਲ ਗੁਰਸਿਖ ਲਈ ਸ਼ਰਧਾ ਤੇ ਵਿਸ਼ਵਾਸ ਦੀ ਲੋੜ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਛਤਰ ਛਾਇਆ ਹੇਠਾਂ ਪੰਜਾਂ ਪਿਆਰਿਆਂ ਤੋਂ ਗੁਰ ਮੰਤਰ ਪ੍ਰਾਪਤ ਕਰ ਕੇ ਅਤੁੱਟ ਅਭਿਆਸ-ਕਮਾਈ ਕਰੇ ਤਾਂ ਨੌਂ ਨਿਧਾਂ ਤੇ ਅਠਾਰ੍ਹਾਂ ਸਿਧਾਂ ਪਿਛੇ ਲਗੀਆਂ ਫਿਰਦੀਆਂ ਹਨ ।

[ਬਾਕੀ ਸਫ਼ਾ [illegible] ਦੇ ਹੇਠਾਂ ਵੇਖੋ
www.AKJ.org

ੴ ਵਾਹਿਗੁਰੂ ਜੀ ਕੀ ਫ਼ਤਿਹ ॥

# ਵਾਹਗੁਰ ਗੁਰ-ਮੰਤਰ ਨਹੀਂ

'ਸੌ ਸਿਆਣਿਆਂ ਇਕੋ ਮੱਤ, ਮੂਰਖ ਆਪੋ ਆਪਣੀ' ਦੇ ਅਖਾਣ ਅਨੁਸਾਰ ਗੁਰਮਤਿ ਦੇ ਸੌ ਨਹੀਂ, ਹਜ਼ਾਰ ਨਹੀਂ, ਲਖ ਕਰੋੜ ਜਾਂ ਬੇਸ਼ੁਮਾਰ ਸਿਆਣੇ ਭੀ ਹੋਣ ਤਾਂ ਵੀ ਉਨ੍ਹਾਂ ਦੀ ਇਕੋ ਮੱਤ ਹੋਵੇਗੀ। ਕਾਰਨ ? ਉਨ੍ਹਾਂ ਨੇ ਆਪਣੀ ਸ਼ਖਸੀ, ਨਿਜ ਮੱਤ ਨਹੀਂ ਬਣਾਈ ਹੁੰਦੀ; ਉਨ੍ਹਾਂ ਨੇ ਆਪਣੀ ਅਲਪੱਗ ਬੁੱਧੀ, ਸਰਬੱਗ ਸਤਿਗੁਰੂ ਦੇ ਅਧੀਨ ਕੀਤੀ ਹੁੰਦੀ ਹੈ। ਸਤਿਗੁਰੂ ਅਭੁੱਲ ਹਨ, ਇਸ ਲਈ ਉਨ੍ਹਾਂ ਦੀ ਰਹਿਨੁਮਾਈ ਵਿਚ ਚਲਣ ਵਾਲੇ ਵੀ ਸੰਸੇ ਤੋਂ ਬਿਲਕੁਲ ਰਹਿਤ ਹੋ ਜਾਂਦੇ ਹਨ। ਮਨ ਦੀ ਮੱਤ ਮਗਰ ਚਲਣ ਵਾਲੇ ਮਨਮਤੀਏ ਮੂਰਖ ਕਿਉਂਕਿ ਆਪਣੀ ਅਲਪੱਗ ਅਕਲ ਜਾਂ ਅਧੂਰੀ ਤੇ ਭੁਲਣ ਵਾਲੀ ਬੁੱਧੀ ਦਾ ਆਸਰਾ ਲੈਂਦੇ ਹਨ, ਇਸ ਲਈ ਸਹਸ ਸਿਆਣਪਾਂ ਰਖਦੇ ਹੋਏ ਵੀ ਸਹਸੇ ਭਰੀ ਮਲੀਣ ਹਾਲਤ ਵਿਚ ਆਪਣੀ ਜ਼ਿੰਦਗੀ ਗੁਜ਼ਾਰਦੇ ਹਨ।

ਸ੍ਰਿਸ਼ਟੀ ਦਾ ਰਚਨਹਾਰ ਤੇ ਪਰਵਰਦਗਾਰ ਪ੍ਰਭੂ ਮਨੁੱਖੀ ਮਨ ਬੁੱਧੀ ਤੋਂ ਪਰੇ ਹੈ। ਉਸ ਦਾ ਪਾਰਾਵਾਰ ਬੜੇ ਬੜੇ ਪੈਗੰਬਰ ਜਾਂ ਅਵਤਾਰ ਨਹੀਂ ਪਾ ਸਕੇ। ਸਾਧਾਰਨ ਮਨੁੱਖ ਕਿਸ ਬਾਗ ਦੀ ਮੂਲੀ ਹਨ ? ਸੋ ਅਕਾਲ ਪੁਰਖ ਨੇ ਆਪ ਹੀ ਦਇਆਲ ਹੋ ਕੇ ਸਤਿਗੁਰਾਂ ਨੂੰ ਇਸ ਸੰਸਾਰ ਵਿਚ ਭੇਜਿਆ। ਸਤਿਗੁਰੂ ਨੇ ਸ਼ਬਦ ਦੇ ਲੜ ਲਾ ਕੇ, ਅਗਮ ਅਗੋਚਰ ਪਾਰਬ੍ਰਹਮ ਨੂੰ ਸਾਧਾਰਨ ਪੁਰਸ਼ਾਂ ਦੀ ਗੰਮਤਾ, ਪਹੁੰਚ ਵਿਚ ਲੈ ਆਉਣ ਦਾ ਵਸੀਲਾ ਬਣਾ ਦਿਤਾ। ਉਸ ਸ਼ਬਦ-ਬੀਜ ਦਾ ਵਿਸਥਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰਬਾਣੀ ਸਾਰੀ ਉਸ ਬੀਜ-ਮੰਤਰ ਵਲ ਪ੍ਰੇਰਦੀ ਹੈ, ਉਸ ਦਾ ਪਿਆਰ ਪੈਦਾ ਕਰਦੀ ਹੈ, ਉਸ ਦੇ ਦਮ-ਬ-ਦਮ ਸਵਾਸ ਸਵਾਸ ਭੁੰਚਣ ਦੇ ਰਾਹ ਪੈਣ ਲਈ ਉਤਸ਼ਾਹ ਭਰਦੀ ਹੈ, ਇਸ ਰਾਹ ਤੇ ਚਲਦਿਆਂ ਡਿਗਣ ਡੋਲਣ ਤੋਂ ਬਚਾਉਂਦੀ ਹੋਈ ਪਰਮ ਪੁਰਖ ਵਾਲੀ ਮਨਜ਼ਲਿ-ਮਕਸੂਦ (ਲੋੜੀਂਦੇ ਟਿਕਾਣੇ) ਤੇ ਅਪੜਾਉਂਦੀ ਹੈ।

ਇਸ ਵੇਲੇ ਦ੍ਰਿਸ਼ਟੀ-ਗੋਚਰ ਸੁਆਲ ਮਨਜ਼ਲ ਤੇ ਪੁਜਣ ਦਾ ਨਹੀਂ, ਸਗੋਂ ਉਸ ਮਨਜ਼ਲ ਵਲ ਜਾਂਦੀ ਸਹੀ, ਸਿੱਧੀ ਸੜਕ ਦਾ ਹੈ। ਉਹ ਸੜਕ ਗੁਰ-ਸ਼ਬਦ ਜਾਂ ਗੁਰ-ਮੰਤਰ ਹੈ। ਗੁਰ-ਸ਼ਬਦ ਹੀ ਗੁਰ-ਮੰਤਰ ਹੈ, ਜਿਸ ਨੂੰ ਸਵਾਸ ਸਵਾਸ ਸਿਮਰਨ-ਹਾਰੇ ਨਿਸਚੇ ਹੀ, ਨਿਰਸੰਸੇ ਹੀ ਅਕਾਲ ਪੁਰਖ ਦੀ ਦਇਆ-ਦ੍ਰਿਸ਼ਟੀ ਦਵਾਰਾ ਸੱਚੇ ਸਹੀ ਨਿਸ਼ਾਨੇ ਤੇ ਅਪੜ ਕੇ ਜੀਵਨ-ਬਾਜ਼ੀ ਨੂੰ ਜਿਤ ਲੈਂਦੇ ਹਨ। ਸਿੱਧੀ ਸੜਕ ਤੇ ਜਾ ਰਿਹਾ ਰਾਹੀ, ਵਿਸ਼ਵਾਸ ਸੇਤੀ ਪੰਧ ਮੁਕਾਉਂਦਾ

---

[ਸਫ਼ਾ ੨੨ ਦੀ ਬਾਕੀ

ਸਿਖ ਸੋਸਾਇਟੀਆਂ, ਜੱਥੇਬੰਦੀਆਂ, ਸਿੰਘ ਸਭਾਵਾਂ ਦੇ ਪ੍ਰਬੰਧਕ ਸਜਣਾਂ ਨੂੰ ਡਿਕਟੇਟਰ-ਸ਼ਿਪ ਅਤੇ ਮਹੰਤਗੀਰੀ ਦੀ ਭਾਵਨਾ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਪਿਆਰ ਅਤੇ ਪ੍ਰਚਾਰ ਕਰਨ ਦੀ ਲੋੜ ਹੈ।

ਆਪਣੇ ਬੱਚਿਆਂ ਨੂੰ ਪੰਜਾਬੀ(ਗੁਰਮੁਖੀ)ਭਾਸ਼ਾ ਦਾ ਵਧ ਤੋਂ ਵਧ ਗਿਆਨ ਦੇਣਾ ਬਹੁਤ ਜ਼ਰੂਰੀ ਹੈ। ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦਾ ਮਾਧਿਅਮ ਹੈ। ਬੁੱਢਾ, ਬੱਚਾ, ਜੁਆਨ, ਇਸਤ੍ਰੀ ਪੁਰਸ਼ ਜੋ ਵੀ ਗੁਰਸਿਖ ਪੰਜਾਬੀ ਨਹੀਂ ਜਾਣਦਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨੰਦ ਨਹੀਂ ਮਾਣ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਮ ਪੁਸਤਕਾਂ ਵਾਂਗ ਸਮਝ ਕੇ ਕਈ ਲੋਕ ਆਪਣਾ ਵਪਾਰ ਵਧਾਉਣ ਅਤੇ ਪੈਸਾ ਕਮਾਉਣ ਲਈ ਵਰਤਦੇ ਹਨ, ਜੋ ਅਤੀ ਘ੍ਰਿਣਤ,ਨਿੰਦਨੀਜ ਤੇ ਘਾਟੇ-ਵੰਦਾ ਵਪਾਰ ਹੈ। ਇਹ ਦਸ ਗੁਰੂ ਸਾਹਿਬਾਂ ਦਾ ਪ੍ਰਤੱਖ ਸਰੂਪ ਹਨ, ਜਿਨ੍ਹਾਂ ਦਾ ਸਤਿਕਾਰ ਸਿਖ ਗੁਰੂ ਸਾਹਿਬਾਨ ਗੁਰੂ ਦੇ ਰੂਪ ਵਿਚ ਆਪ ਕਰਦੇ ਰਹੇ ਹਨ। ਇਸ ਲਈ ਸਭ ਗੁਰਸਿਖਾਂ ਦਾ ਪਰਮ ਕਰਤੱਵ ਹੈ ਕਿ ਮਨ, ਵਚਨ, ਕਰਮ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ।

www.AKJ.Org

ਹੋਇਆ ਕਦੇ ਨਾ ਕਦੇ ਮਨੋਰਥ-ਪ੍ਰਾਪਤੀ ਕਰ ਲੈਂਦਾ ਹੈ। ਪਰਮਾਰਥ ਦਾ ਪੰਧ ਮੁਕਾਉਣ ਲਈ ਤੇ ਪ੍ਰਭੂ-ਪ੍ਰਾਪਤੀ ਕਰਨ ਲਈ ਇਕੋ ਇਕ ਸੜਕ ਗੁਰ-ਮੰਤਰ ਹੀ ਹੈ ਤੇ ਗੁਰਬਾਣੀ ਇਸ ਰਾਹ ਦਾ ਚਾਨਣ ਹੈ। ਗੁਰਮੁਖ ਪਿਆਰੇ ਇਸ ਮਾਰਗ ਤੋਂ ਲਾਂਭੇ ਚਾਂਭੇ ਨਹੀਂ ਹੁੰਦੇ।

ਇਹ ਗੁਰ-ਮੰਤਰ ਹੀ ਸਿਖਾਂ ਦਾ ਸਹਾਰਾ ਹੈ, ਵਿਰਲੇ ਵਡਭਾਗਿਆਂ ਨੂੰ ਜਾਨੋਂ ਵਧ ਪਿਆਰਾ ਹੈ । ਉਨ੍ਹਾਂ ਪਾਸੋਂ ਇਹ ਗੁੱਝਾ ਨਹੀਂ। ਮਰਯਾਦਾ ਅਨੁਸਾਰ ਇਸਦੀ ਪ੍ਰਾਪਤੀ ਪਿਛੋਂ ਉਹ ਭੰਬਲ-ਭੂਸਿਆਂ ਵਿਚ ਨਹੀਂ ਪੈਂਦੇ । ਪਰ ਡਰ ਹੈ ਕਿ ਅਲ੍ਹੜ ਤੇ ਭੋਲੇ ਭਾਲੇ ਜਗਿਆਸੂ, ਜੋ ਇਸ ਪੰਧ ਤੇ ਪੈਣ ਦੀ ਤਿਆਰੀ ਵਿਚ ਹਨ ਜਾਂ ਨਵੇਂ ਨਵੇਂ ਇਸ ਰਾਹੇ ਪਏ ਹਨ, ਉਹ ਕਿਤੇ ਥਿੜਕ ਨਾ ਜਾਣ; ਭਰਮ-ਭੁਲੇਖੇ ਪਾਉਣ ਵਾਲੇ ਮਨਮਤੀਆਂ ਦੇ ਢਹੇ ਚੜ੍ਹ ਕੇ ਉਨ੍ਹਾਂ ਦਾ ਕਦਮ ਗੁਰਮਤਿ ਮਾਰਗ ਤੋਂ ਖਿਸਕ ਨਾ ਜਾਏ ਜਾਂ ਉਹ ਆਪਣੀ ਚਾਲ ਵਿਚ ਆਲਸ ਜਾਂ ਅਵੇਸਲਾ-ਪਣ ਨਾ ਲੈ ਆਉਣ । ਉਨ੍ਹਾਂ ਦੀ ਸਹਾਇਤਾ ਲਈ ਇਹ ਸਤਰਾਂ ਹਾਜ਼ਰ ਹਨ।

'ਵਾਹੁਗੁਰ' ਰੂਪ ਵਿਚ ਸਮੱਗਰ ਬਾਣੀ ਅੰਦਰ ਗੁਰ-ਮੰਤਰ ਦੀ ਵਰਤੋਂ ਨਹੀਂ ਹੋਈ । ਭਾਵੇਂ ਅਸਲ ਗੁਰ-ਮੰਤਰ ਦੀ ਵਰਤੋਂ ਵੀ ਸਿੱਧੇ ਤੇ ਸਪੱਸ਼ਟ ਰੂਪ ਵਿਚ ਗੁਰੂ ਸਾਹਿਬਾਨ ਨੇ ਆਪਣੇ ਨਿਜ ਦੇ ਕਲਾਮ ਵਿਚ ਨਹੀਂ ਕੀਤੀ, ਪਰ ਹਜ਼ੂਰ ਦੇ ਨਿਜ-ਨਦਰ-ਨਿਵਾਜੇ-ਭੱਟਾਂ ਦੀ ਬਾਣੀ ਵਿਚ ਇਹ ਗੁਰ-ਮੰਤਰ ਬਦੋ-ਬਦੀ ਉਮਲ ਉਛਲ ਆਇਆ ਹੈ–

'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।'

ਗੁਰੂ ਸਾਹਿਬਾਨ ਵਲੋਂ ਗੁਰ-ਮੰਤਰ ਨੂੰ ਗੋਝ ਰਖਣ ਦਾ ਵੀ ਖ਼ਾਸ ਰਹੱਸ, ਭੇਦ ਹੈ।

'ਵਾਹੁਗੁਰ' ਦਾ ਪਰਚਾਰ ਕਰਨ ਵਾਲੇ ਵੀ ਗੋਝ ਰਖਣ ਵਾਲੀ ਬਾਤ ਨੂੰ ਮੰਨਣ ਲਈ ਮਜਬੂਰ ਹਨ, ਪਰੰਤੂ ਉਹ ਗੁਰਬਾਣੀ ਦੀ "ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ" ਵਾਲੀ ਦੁਤੁੱਕੀ ਦਾ ਸਹਾਰਾ ਲੈ ਕੇ, ਇਸ ਦੁਤੁੱਕੀ ਵਿਚਲੇ ਆਖ਼ਰੀ ਦੋ ਲਫ਼ਜ਼ਾਂ 'ਗੁਰ' ਤੇ 'ਵਾਹੁ' ਨੂੰ ਉਲਟਾ ਕੇ ਇਕ ਮੁਰੱਕਬ, ਸੰਯੁਕਤ, ਜੁੜਵਾਂ ਸ਼ਬਦ ਘੜ ਕੇ, ਆਪੂੰ ਨਵੇਂ ਗੁਰ-ਮੰਤਰ ਦੀ ਕਾਢ ਕੱਢ ਕੇ, ਮਨਮੱਤ ਦਾ ਪਸਾਰਾ ਪਸਾਰਨ ਵਿਚ ਪਰਵਿਰਤ ਹੋ ਰਹੇ ਹਨ।ਪਰ ਜ਼ਰਾ ਵਿਚਾਰ ਤੋਂ ਕੰਮ ਲਿਆ ਜਾਵੇ,ਤਾਂ ਉਨ੍ਹਾਂ ਦੇ ਦਾਅਵੇ ਦੀ ਰੇਤਲੀ ਕੰਧ ਝਟ ਪਟ ਹੀ ਢਹਿ-ਢੇਰੀ ਹੋ ਜਾਂਦੀ ਹੈ। ਉਨ੍ਹਾਂ ਦੀ ਮਨਮੱਤ ਦਾ ਖੋਟਾ ਦਬੂਆ ਗੁਰ-ਬਾਣੀ ਦੇ ਵਿਚਾਰਵਾਨ ਸਰਾਫ਼ਾਂ ਦੀ ਦ੍ਰਿਸ਼ਟੀ ਗੋਚਰ ਕਰਨ ਲਈ ਯਤਨ ਕੀਤਾ ਜਾਂਦਾ ਹੈ :–

'ਵਾਹੁਗੁਰ' ਨੂੰ ਗੁਰ-ਮੰਤਰ ਦਸਣ ਵਾਲੇ ਪਿਛਲਾ 'ਰ' ਮੁਕਤਾ ਰਖਦੇ ਹਨ, ਬਿਨਾ ਕਿਸੀ ਲਗ-ਮਾਤ੍ਰ ਦੇ । ਪਰ ਗੁਰਬਾਣੀ ਦੀ ਲਿਖਤ ਵਿਚ ਕੁਝ ਨਿਯਮ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਇਕ ਦੀ ਗਿਣਤੀ (ਇਕ-ਵਚਨ) ਨੂੰ ਪਰਗਟ ਕਰਨ ਵਾਲਾ ਕੋਈ ਵੀ ਨਰ-ਨੁਮਾ (ਪੁਲਿੰਗ) ਸ਼ਬਦ ਆਪਣੇ ਅੰਤਲੇ ਅੱਖਰ ਨੂੰ 'ੁ' ਔਂਕੜ ਸਹਿਤ ਹੀ ਲੈ ਆਵੇਗਾ । ਜਿਵੇਂ 'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ" ਵਿਚ 'ਦਰੁ' ਤੇ 'ਘਰੁ' ਦੇ ਰਾਰੇ ਅੱਖਰ ਨੂੰ ਔਂਕੜ ਹੈ; ਇਸੇ ਤਰ੍ਹਾਂ "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ" ਵਾਲੀ ਤੁੱਕ ਵਿਚ 'ਚੰਦੁ' ਤੇ 'ਸੂਰਜੁ' ਦੇ ਪਿਛਲੇ ਅੱਖਰ ਦੱਦਾ ਤੇ ਜੱਜਾ ਔਂਕੜ ਸਹਿਤ ਹਨ। ਇਹ ਔਂਕੜ ਉਸ ਹਾਲਤ ਵਿਚ ਉਤਰੇਗਾ, ਜਦ ਉਸ ਸ਼ਬਦ ਨਾਲ ਸੰਬੰਧਕੀ ਅਰਥ ਦਾ, ਦੇ, ਦੀ, ਸੇਤੀ, ਸੰਗਿ, ਨਾਲ, ਨੂੰ ਜਾਂ ਉਤੇ ਆਦਿ ਦੇ ਹੋਣਗੇ, ਚਾਹੇ ਪਰਗਟ ਚਾਹੇ ਲੁਪਤ। ਜਿਵੇਂ 'ਨਾਮ-ਸੰਗਿ ਜਿਸ ਕਾ ਮਨੁ ਮਾਨਿਆ' ਵਿਚ ਨਾਮ ਦਾ ਔਂਕੜ ਉਡ ਗਿਆ ਹੈ, ਪਰ 'ਮਨੁ' ਦਾ ਔਂਕੜ ਕਾਇਮ ਹੈ। ਸੋ ਜ਼ਿਆਦਾ ਵਿਸਥਾਰ ਵਿਚ ਨਾ ਜਾਈਏ, ਤਾਂ ਏਨੀ ਕੁ ਸੰਖੇਪ ਵਿਚਾਰ ਅਨੁਸਾਰ 'ਵਾਹੁਗੁਰ' ਗੁਰ-ਮੰਤਰ ਜਾਂ ਰੱਬ ਦਾ ਨਾਉਂ ਤਾਂ ਕੀ, ਸਾਧਾਰਨ ਨਾਉਂ-ਵਾਚੀ ਸ਼ਬਦ ਵੀ ਨਹੀਂ ਹੋ ਸਕਦਾ। ਜੇ ਰਾਰੇ ਅੱਖਰ ਨੂੰ ਔਂਕੜ ਹੁੰਦੀ ਤਾਂ ਮਨਮੱਤੀਏ ਪੁਰਸ਼ਾਂ ਨੂੰ ਜ਼ਰਾ ਮਾਸਾ ਸਹਾਰਾ ਮਿਲ ਜਾਣਾ ਸੀ। ਪਰ ਸਾਰੀ ਗੁਰਬਾਣੀ ਅੰਦਰ 'ਗੁਰੁ' ਸ਼ਬਦ ( Subject ) ਕਰਤਾ ਰੂਪ ਵਿਚ ਸਦਾ ਔਂਕੜ ਸਹਿਤ ਹੀ ਆਵੇਗਾ, ਕੁਝ ਕੁ ਉਦਾਹਰਣਾਂ ਵਾਚੋ :–

੧. ਗੁਰੁ ਦਾਤਾ ਗੁਰੁ ਹਿਵੈ ਘਰੁ
ਗੁਰੁ ਦੀਪਕੁ ਤਿਹ ਲੋਇ ॥



www.AKJ.Org

੨. ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥
੩. ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
੪. ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥
੫. ਗੁਰੁ ਗੋਬਿੰਦੁ ਗੋਪਾਲੁ ਗੁਰੁ,
ਗੁਰੁ ਪੂਰਨ ਨਾਰਾਇਣਹ ॥
ਗੁਰੁ ਦਇਆਲੁ ਸਮਰਥੁ ਗੁਰੁ,
ਗੁਰੁ ਨਾਨਕ ਪਤਿਤ ਉਧਾਰਣਹ ॥

ਇਨ੍ਹਾਂ ਸਾਰੇ ਪ੍ਰਮਾਣਾਂ ਵਿਚ 'ਗੁਰੁ' ਔਂਕੜ ਸਹਿਤ ਆਇਆ ਹੈ । ਹੋਰ ਸੈਂਕੜੇ ਪ੍ਰਮਾਣ ਮਿਲ ਸਕਦੇ ਹਨ।

ਹੁਣ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਦੁਤੁਕੀ "ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ" ਵਿਚ 'ਗੁਰ' ਤੇ 'ਵਾਹੁ' ਦੋ ਅੱਡ ਅੱਡ ਸ਼ਬਦ ਹਨ । ਅਰਥ-ਵਿਚਾਰ ਕਰਨ ਨਾਲ ਇਸ ਸਿੱਟੇ ਤੇ ਪੁਜਦੇ ਹਾਂ ਕਿ 'ਗੁਰ' ਦਾ ਔਂਕੜ ਤਾਂ ਉਤਰਿਆ ਹੈ ਕਿ ਇਸ ਦੇ ਨਾਲ 'ਨੂੰ' ਦੇ ਅਰਥ ਲੁਪਤ ਹਨ; ਭਾਵ ਇਸ ਪਿਛਲੀ ਤੁਕ ਦਾ ਅਰਥ ਇਹ ਹੈ ਕਿ ਮਹਾਰਾਜ ਫ਼ੁਰਮਾਉਂਦੇ ਹਨ ਕਿ ਗੁਰੂ ਨੂੰ 'ਵਾਹੁ' ਆਖੋ, ਭਾਵ ਗੁਰੂ ਦੀ ਵਡਿਆਈ ਉਚਰੋ, ਮਹਿਸੂਸੋ ਤੇ ਮਹਿਸੂਸ ਕਰਦੇ ਹੋਏ ਵਿਸਮਾਦ ਤੇ ਸ਼ੁਕਰਾਨੇ ਵਿਚ ਆਵੋ । ਮਨਮਤੀਏ ਵੀਰਾਂ ਨੇ 'ਵਾਹੁਗੁਰ' ਨੂੰ ਇਕੱਠਾ ਕਰ ਦਿਤਾ ਹੈ, ਦੋਹਾਂ ਸ਼ਬਦਾਂ ਦੀ 'ਥਾਂ' ਨੂੰ ਆਪੋ ਵਿਚ ਅਦਲ ਬਦਲ ਕੇ; ਅਤੇ ਇਸ ਤਰ੍ਹਾਂ ਭਾਵ ਇਹ ਕਢਿਆ ਹੈ ਕਿ ਸਤਿਗੁਰੂ ਇਥੇ 'ਵਾਹੁਗੁਰ' ਕਹਿਣ ਅਥਵਾ ਜਪਣ ਦਾ ਸੰਕੇਤ ਕਰ ਰਹੇ ਹਨ । ਗੁਰ-ਮੰਤਰ ਜਪਣ ਦਾ ਸੰਕੇਤ ਇਥੇ ਜ਼ਰੂਰ ਹੈ, ਪਰ ਉਹ ਗੁਰ-ਮੰਤਰ ਇਕੋ ਹੀ ਹੈ, ਜਿਸ ਨੂੰ ਗੁਰਮਤਿ ਦ੍ਰਿੜ੍ਹ ਕਰਾਉਂਦੀ ਹੈ ।

ਜੇ ਮਨਮਤੀਏ ਭਾਈ ਹਾਲੀ ਵੀ ਹਠ ਕਰਨ ਤਾਂ ਗੁਰਬਾਣੀ ਅੰਦਰ, ਭਟਾਂ ਦੇ ਸਵੱਈਆਂ ਵਿਚ 'ਵਾਹਿਗੁਰੂ' ਪਦ ਦੀ ਕਈ ਵੇਰ ਹੋਈ ਵਰਤੋਂ ਉਨ੍ਹਾਂ ਨੂੰ ਗੁਰਮਤਿ ਨਾਮ ਦਾ ਸਹੀ ਗਿਆਨ ਕਰਾਉਣ ਵਿਚ ਪ੍ਰੇਰਕ ਹੋ ਸਕਦੀ ਹੈ;ਪਰ ਕਹਿਰ ਦੀ ਗੱਲ ਤਾਂ ਇਹ ਹੈ ਕਿ ਇਹ ਭਾਈ ਗੁਰੂ ਗ੍ਰੰਥ ਸਾਹਿਬ ਵਿਚ ਆਈ, ਸਾਰੇ ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਕੱਚੀ ਬਾਣੀ ਦਾ ਫ਼ਤਵਾ ਦਿੰਦੇ ਹਨ । ਇਹ ਵੀ ਇਨ੍ਹਾਂ ਦਾ ਮਨਮਤਿ ਭਰਿਆ ਕੁਚੱਜ ਹੈ । ਇਸ ਹਮਾਕਤ ਬਦਲੇ ਹੀ ਇਹ ਪੰਥ ਵਿਚੋਂ ਛੇਕੇ ਗਏ ਸਨ । ਲੋੜ ਤਾਂ ਸੀ ਕਿ ਐਸੇ ਕੁਚੱਜ ਦੀ ਖਿਮਾ ਮੰਗ ਕੇ ਪੰਥ ਵਿਚ ਸ਼ਾਮਲ ਹੁੰਦੇ, ਪਰ ਇਸੇ ਸਾਲ ਵਿਚ ਹੀ ਐਸੇ ਲੋਕਾਂ ਵਲੋਂ ਆਪਣੇ ਮਨਮਤੀ ਪੱਖ ਨੂੰ ਪੂਰਨ ਵਾਲੀ ਪੁਸਤਕ **'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ'** ਦੇ ਨਾਂ ਹੇਠ ਪ੍ਰਕਾਸ਼ਤ ਹੋਈ । ਇਹ ਪੁਸਤਕ ਦੀ ਦੂਜੀ ਐਡੀਸ਼ਨ ਜਾਪਦੀ ਹੈ । ਦੋ ਚਾਰ ਦਿਨ ਹੋਏ, ਪਹਿਲੀ ਵੇਰ ਹੀ ਇਹ ਪੁਸਤਕ ਮੇਰੀ ਦ੍ਰਿਸ਼ਟੀ-ਗੋਚਰ ਲਿਆਂਦੀ ਗਈ । ਇਸ ਦਾ ਕੁਝ ਭਾਗ ਪੜ੍ਹਿਆ ਹੈ, ਬਾਕੀ ਭਾਗ ਪੜ੍ਹਨ ਨੂੰ ਹਾਲੀ ਦਿਲ ਹੀ ਨਹੀਂ ਪਿਆ ਕਰਦਾ । ਭਗਤ ਤੇ ਭੱਟ-ਬਾਣੀ ਦੇ ਖੰਡਣ ਦਾ ਖ਼ਾਹ-ਮਖ਼ਾਹ ਤੇ ਵਾਧੂ ਜ਼ੋਰ ਲਾਇਆ ਗਿਆ ਹੈ । ਜੇ ਕੋਈ ਸਜਣ ਇਸ ਪੁਸਤਕ ਦੇ ਭੁਲੇਖਾ-ਪਾਊ ਅਸਰ ਦੀ ਮਾਰ ਵਿਚ ਆ ਜਾਵੇ, ਤਾਂ ਉਸ ਦੇ ਸ਼ੰਕਿਆਂ ਦੇ ਉਤਰ ਦਿਤੇ ਜਾਣਗੇ, ਪਰ ਇਸ ਸਮੇਂ ਇਸ ਪੁਸਤਕ ਬਾਰੇ ਵਧੇਰੇ ਲਿਖਣ ਦੀ ਜ਼ਰੂਰਤ ਨਹੀਂ ਜਾਪਦੀ ।

**'ਗੁਰਮਤਿ ਰਹਿਣੀ'** ਤਿਮਾਹੀ ਪੱਤ੍ਰ ਰਾਹੀਂ ਵੀ ਗੁਰ-ਮੰਤਰ ਤੇ ਭਗਤ-ਬਾਣੀ ਬਾਰੇ ਭੁਲੇਖੇ ਪਾਏ ਜਾ ਰਹੇ ਹਨ । ਗੁਰੂ ਘਰ ਦੇ ਸ਼ਰਧਾਲੂਆਂ ਨੂੰ ਖ਼ਬਰਦਾਰ ਤੇ ਸਾਵਧਾਨ ਰਹਿਣਾ ਲੋੜੀਏ । ਸਤਿਗੁਰੂ ਭੁਲੇਖੇ-ਪਾਊ ਵੀਰਾਂ ਨੂੰ ਵੀ ਸੁਮਤਿ ਬਖ਼ਸ਼ੇ ਤੇ ਆਪਣੀ ਢਾਈ ਇੱਟਾਂ ਦੀ ਬਣਾਈ ਵਖਰੀ ਮਸੀਤ ਢਾਹ ਕੇ ਗੁਰਮਤਿ ਦੀ ਮਿਹਰ-ਮਸੀਤ ਹੇਠ ਆ ਕੇ ਸਾਰੇ ਪੰਥ ਨਾਲ ਮਿਲ ਬੈਠਣ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਲਗਾਂ ਮਾਤਰਾਂ ਦੀ ਵਿਲੱਖਣਤਾ' ਪਰਗਟ ਕਰਨ ਵਾਲੀ ਪੁਸਤਕ ਵਿਚ ਇਕ ਥਾਂ ਇਹ ਵੀ ਦਲੀਲ ਦਿਤੀ ਹੈ ਕਿ ਜਿਸ ਤਰ੍ਹਾਂ 'ਸਤਿਗੁਰੂ' ਪਦ ਵਿਚ ਤੱਤੇ ਅੱਖਰ ਨੂੰ ਹਮੇਸ਼ਾ ਸਿਹਾਰੀ ਸਾਰੀ ਗੁਰਬਾਣੀ ਅੰਦਰ ਲਗੀ ਹੋਈ ਹੈ, ਇਸੇ ਤਰਾਂ ਚੁਅਖਰੇ ਗੁਰ-ਮੰਤਰ ਦੇ ਦੂਜੇ ਅੱਖਰ ਹਾਹੇ ਨੂੰ ਸਿਹਾਰੀ ਹੀ ਸੋਭਦੀ ਹੈ, ਔਂਕੜ ਨਹੀਂ ।

ਭਾਈ ਗੁਰਦਾਸ ਜੀ, ਜੋ ਆਦਿ ਗ੍ਰੰਥ ਦੀ ਪਹਿਲੀ ਬੀੜ ਦੇ ਲਿਖਾਰੀ ਤੇ ਗੁਰਮਤਿ ਦੇ ਸਿਧਾਂਤਾਂ ਦੇ ਭਲੀ ਪਰਕਾਰ ਵਾਕਫ਼-ਕਾਰ ਸਨ, ਉਨ੍ਹਾਂ ਨੇ ਕਈ ਵਾਰ ਆਪਣੀ ਬਾਣੀ ਵਿਚ ਗੁਰ-ਮੰਤਰ ਨੂੰ ਸਪੱਸ਼ਟ ਸ਼ਬਦਾਂ ਵਿਚ ਵਰਨਣ

www.AKJ.Org

ਕੀਤਾ ਹੈ। ਹੇਠ ਲਿਖੇ ਦ੍ਰਿਸ਼ਟਾਂਤ ਤਕੋ :—

੧. ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥ [੧੩, ੨

੨. ਵਾਹਿਗੁਰੂ ਗੁਰ ਸਬਦੁ ਸੁਣਾਇਆ ॥ [੧੨, ੧੭ [੨੪, ੧

੩. ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ ॥ [੯, ੧੩

੪. ਵਾਹਿਗੁਰੂ ਗੁਰੁ ਸਬਦੁ ਲੈ
ਪਿਰਮ ਪਿਆਲਾ ਚੁਪਿ ਚਬੋਲਾ ॥ [੪, ੧੭

੫. ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥ [੧੧, ੩

ਇਸ ਤਰ੍ਹਾਂ ਪੰਥ ਦੇ ਹੁਣ ਤਕ ਦੇ ਸਾਰੇ ਹੀ ਸੰਤਾਂ, ਗਤਾਂ, ਮਹਾਂਪੁਰਸ਼ਾਂ ਨੇ ਇਸੇ ਹੀ ਗੁਰ-ਮੰਤਰ ਦਾ ਜਾਪੁ, ਸਿਮਰਨ ਕੀਤਾ ਅਤੇ ਅੰਮ੍ਰਿਤ-ਸੰਚਾਰਨੀ ਜੱਥਿਆਂ ਵਲੋਂ ਇਸੇ ਦਾ ਪਰਚਾਰ ਹੁੰਦਾ ਰਿਹਾ । ਇਸੇ ਦੀ ਅਭਿਆਸ-ਕਮਾਈ ਨਾਲ ਉਚੇ ਤੋਂ ਉਚੇ ਪਦ ਦੀ ਰਸਾਈ ਪ੍ਰਾਪਤ ਕੀਤੀ। ਸਾਰੇ ਮਹਾਨ ਲਿਖਾਰੀਆਂ ਨੇ ਇਸੇ ਨਾਮ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ।

ਵਰਤਮਾਨ ਸਮੇਂ ਵਿਚ ਗੁਰੂ-ਪੰਥ ਦੇ ਮਹਾਨ ਲਿਖਾਰੀਆਂ, ਸੰਤਾਂ, ਬਾਬਿਆਂ ਤੇ ਮਹਾਨ ਪੁਰਸ਼ਾਂ ਨੇ ਵੀ ਇਸੇ ਨਾਮ-ਮੰਤ੍ਰ ਦੇ ਜ਼ਿਕਰ ਕੀਤੇ ਹਨ ਅਤੇ ਸੋਹਿਲੇ ਗਾਏ ਹਨ।

ਜਿਸ ਕਿਸੇ ਨੂੰ ਨਾਮ-ਗੁਰ-ਮੰਤ੍ਰ ਦੀ ਅਨੁਭਵਤਾ ਕੁਦਰਤ ਵਲੋਂ ਹੋਈ ਤਾਂ ਇਹੋ ਚੁਅਖਰਾ 'ਵਾਹਿਗੁਰੂ' ਸ਼ਬਦ ਹੀ ਹਰ ਇਕ ਦੇ ਅਨੁਭਵ ਵਿਚ ਪ੍ਰਗਟ ਹੋਇਆ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਮੁੱਢਲੀ ਵੈਰਾਗ-ਮਈ ਦਸ਼ਾ ਵਿਚ ਜਦੋਂ ਗੁਰ-ਮੰਤ੍ਰ ਦੀ ਲਿਲ੍ਹ ਲਗੀ ਤਾਂ ਕੁਦਰਤ ਵਲੋਂ 'ਵਾਹਿਗੁਰੂ' ਸ਼ਬਦ ਹੀ ਭਾਈ ਸਾਹਿਬ ਜੀ ਦੇ ਅੰਦਰ ਬਾਹਰ ਚਮਤਕਾਰਤ ਹੋਇਆ । ਵਿਸਥਾਰ ਸਹਿਤ ਵੇਰਵਾ ਭਾਈ ਸਾਹਿਬ ਦੀਆਂ ਜੇਲ੍ਹ-ਚਿੱਠੀਆਂ ਵਿਚੋਂ ਚਿੱਠੀ ਨੰਬਰ ਦੋ ਵਿਚ ਪਾਠਕ ਪੜ੍ਹ ਸਕਦੇ ਹਨ। ਉਨ੍ਹਾਂ ਨੂੰ ਕੁਦਰਤ ਵਲੋਂ 'ਵਾਹੁਗੁਰ' ਸ਼ਬਦ ਕਿਉਂ ਨਾ ਪਰਗਟ ਹੋਇਆ ?

ਵਰਤਮਾਨ ਸਮੇਂ ਦੇ ਪ੍ਰਸਿੱਧ ਲਿਖਾਰੀ ਭਾਈ ਵੀਰ ਸਿੰਘ ਜੀ ਨੇ ਸਿਖ ਧਰਮ ਸੰਬੰਧੀ ਸਭ ਤੋਂ ਵਧ ਸਾਹਿੱਤ ਰਚਿਆ ਹੈ। ਇਸ ਨੂੰ ਪੜ੍ਹਨ ਤੋਂ ਸਾਫ਼ ਪਰਗਟ ਹੁੰਦਾ ਹੈ ਕਿ ਇਨ੍ਹਾਂ ਦੇ ਅਨੁਭਵ ਵਿਚ ਵੀ 'ਵਾਹਿਗੁਰੂ' ਪਦ ਹੀ ਪਰਗਟ ਹੋਇਆ ਹੈ।

ਗੱਲ ਕੀ, ਪੁਰਾਤਨ ਤੋਂ ਪੁਰਾਤਨ ਲਿਖਤਾਂ, ਸਮੂਹ ਗੁਰਸਿਖਾਂ ਦੇ ਅਨੁਭਵ, ਗੁਰਬਾਣੀ ਤੇ ਗੁਰਬਾਣੀ ਦੇ ਲਗ-ਮਾਤ੍ਰੀ ਨੇਮ ਇਸ ਗੱਲ ਦੀ ਗਵਾਹੀ ਡੰਕੇ ਦੀ ਚੋਟ ਨਾਲ ਭਰਦੇ ਹਨ ਕਿ 'ਵਾਹਿਗੁਰੂ' ਗੁਰ-ਮੰਤਰ ਹੈ, 'ਵਾਹੁਗੁਰ' ਨਹੀਂ।

ਸੋ ਭੁਲੇਖਾ-ਪਾਊ ਵੀਰਾਂ ਦੇ ਪ੍ਰਾਪੇਗੰਡੇ ਤੋਂ, ਜੋ ਇਸ ਵੇਲੇ 'ਗੁਰਮਤਿ ਰਹਿਣੀ' ਤ੍ਰੈਮਾਹੀ ਪੱਤਰ ਰਾਹੀਂ ਵਿਸ਼ੇਸ਼ ਤੌਰ ਤੇ ਕੀਤਾ ਜਾ ਰਿਹਾ ਹੈ, ਸੰਗਤਾਂ ਨੂੰ ਸਾਵਧਾਨ ਹੋਣ ਦੀ ਲੋੜ ਹੈ। ਇਹ ਪੱਤਰ ਮਨਮਤੀ ਪਰਚਾਰ ਦੀ ਖ਼ਾਤਰ ਮੁਫ਼ਤ ਹੀ ਭੇਜਿਆ ਜਾਂਦਾ ਹੈ । ਇਸ ਵਿਚ ਕਈ ਗੁਣ ਵਾਲੀਆਂ ਗੱਲਾਂ ਵੀ ਹੋ ਸਕਦੀਆਂ ਹਨ । ਪਰ ਸਾਧਾਰਨ ਪਾਠਕ ਭੁਲੇਖੇ ਵਿਚ ਪੈ ਸਕਦੇ ਹਨ। ਸੋ ਇਸ ਦੇ ਭਰਮ-ਜਾਲ ਤੋਂ ਬਚਣ ਦੀ ਲੋੜ ਹੈ।

---

**ਜ਼ਰੂਰੀ ਬੇਨਤੀਆਂ** – (੧) ਪਰਚੇ ਨਾ ਪੁਜਣ ਦੀਆਂ ਸ਼ਿਕਾਇਤਾਂ ਆਮ ਪੁਜਦੀਆਂ ਹਨ। ਅਸੀਂ ਹਰ ਮਹੀਨੇ ਪਹਿਲੀ ਤਰੀਕ ਨੂੰ ਪਰਚਾ ਡਾਕੇ ਪਾ ਦਿੰਦੇ ਹਾਂ। ਪੰਜ ਸਤ ਤਰੀਕ ਤਕ ਪਰਚਾ ਜੇ ਨਾ ਪੁਜੇ ਤਾਂ ਸਾਨੂੰ ਫ਼ੌਰਨ ਪਤਾ ਦਿਓ, ਤਾਕਿ ਅਸੀਂ ਦੁਬਾਰਾ ਭੇਜ ਸਕੀਏ। ੧੫ ਤਰੀਕ ਤੋਂ ਬਾਅਦ ਨਾ ਭੇਜਣ ਲਈ ਮਜਬੂਰੀ ਹੋ ਸਕਦੀ ਹੈ। ਪਿਛਲੇ ਮਹੀਨਿਆਂ ਦੇ ਪਰਚੇ ਨਾਲੋ ਨਾਲ ਖ਼ਤਮ ਹੁੰਦੇ ਜਾਂਦੇ ਹਨ।

(੨) ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।

**ਲੇਖਕ ਸਜਣੋ !** ਗੁਰਬਾਣੀ ਦੀਆਂ ਤੁਕਾਂ ਸਦਾ ਸੋਧ ਕੇ ਭੇਜੋ।

ਦਾਸ—ਮੈਨੇਜਰ



www.AKJ.Org

# ਲੋਕਾਚਾਰ ਤੇ ਗੁਰਮਤਿ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਸਮੇਂ ਦੇ ਮਾੜੇ ਪ੍ਰਭਾਵ ਅਨੁਸਾਰ ਅਜ ਦੀ ਮਨੁੱਖੀ ਜੀਵਨ-ਦੌੜ ਪਦਾਰਥਕ ਪ੍ਰਾਪਤੀ ਦੇ ਰਾਹ ਤੇ ਨਸਦੀ ਹੋਈ, ਬੜੀ ਤੇਜ਼ੀ ਨਾਲ ਅਗੇ ਵਧਦੀ ਜਾ ਰਹੀ ਹੈ। ਕਾਨੂੰਨ ਜਾਂ ਸਮਾਜ ਦਾ ਡੰਡਾ ਇਸ ਨੂੰ ਰੋਕ ਪਾਣ ਤੋਂ ਅਸਮ੍ਰਥ ਹੋ ਗਿਆ ਹੈ। ਇਸ ਦੀ ਧੁਰ ਮਨਜ਼ਲ ਦਾ ਕਿਸੇ ਨੂੰ ਪਤਾ ਨਹੀਂ ਕਿ ਇਸ ਚਾਲ ਵਿਚ ਵਾਹੋ-ਦਾਹੀ ਨਸਦੀ ਕਿਥੇ ਪੁਜ ਕੇ ਸਾਹ ਲਵੇਗੀ।

ਪਦਾਰਥਕ ਪ੍ਰਾਪਤੀ ਲਈ ਜਦੋ-ਜਹਿਦ ਮਾੜੀ ਨਹੀਂ; ਪਰ ਜੇ ਮਨੁੱਖ ਸੰਤੋਖ-ਹੀਣ ਵਿਚਾਰ-ਧਾਰਾ ਨੂੰ ਮੁਖ ਰਖ ਕੇ, ਅਧਿਆਤਮਕ ਭਾਵਾਂ ਨੂੰ ਠੁਕਰਾਂਦਾ ਹੋਇਆ, ਕੇਵਲ ਧਨ-ਸੰਪ੍ਰਤੀ ਦੀ ਪ੍ਰਾਪਤੀ ਦੇ ਸਾਧਨਾਂ ਪਿਛੇ ਹੀ ਲਗ ਜਾਵੇ ਤਾਂ :—

"ਸਹਸ ਖਟੈ ਲਖ ਕਉ ਉਠਿ ਧਾਵੈ ॥"

ਜਾਂ

"ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੈ ॥"

ਵਾਲੀ ਦਸ਼ਾ ਵਿਚ ਪ੍ਰਵਿਰਤ ਹੋ ਕੇ

"ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥"

ਵਾਲੀ ਹਾਲਤ ਤੇ ਪਹੁੰਚ ਜਾਂਦਾ ਹੈ।

ਅਜ ਦੇਸ਼ ਵਿਚ ਹਰ ਪਾਸੇ ਰਿਸ਼ਵਤ, ਬਲੈਕ ਤੇ ਮੁਨਾਫ਼ਾਖ਼ੋਰੀ ਆਦਿ ਹਰ ਹੀਲਾ ਧਨਵਾਨ ਬਣਨ ਲਈ ਵਰਤਿਆ ਜਾ ਰਿਹਾ ਹੈ, ਜੋ ਅਮੀਰਾਂ ਨੂੰ ਹੋਰ ਵਧ ਐਸ਼-ਪ੍ਰਸਤੀ ਦਾ ਜੀਵਨ ਬਤੀਤ ਕਰਨ ਦੀ ਸ਼ਹਿ ਦੇ ਰਿਹਾ ਤੇ ਗ਼ਰੀਬਾਂ ਨੂੰ ਵਧੀਕ ਗ਼ਰੀਬੀ ਤੇ ਮੰਦਹਾਲੀ ਦਾ ਸ਼ਿਕਾਰ ਬਣਾ ਰਿਹਾ ਹੈ।

ਇਨ੍ਹਾਂ ਸਾਰੇ ਔਗੁਣਾਂ ਤੋਂ ਵਧ ਇਕ ਹੋਰ ਹਾਨੀਕਾਰਕ ਔਗੁਣ, ਜੋ ਦਿਨੋ ਦਿਨ ਵਧਦਾ ਜਾ ਰਿਹਾ ਹੈ, ਮੰਗਣੇ, ਵਿਆਹ ਸ਼ਾਦੀਆਂ ਸਮੇਂ ਫ਼ਜ਼ੂਲ ਰਸਮਾਂ ਰਚ ਕੇ ਧਨ ਵਟੋਰਿਆ ਅਤੇ ਅਜਾਈਂ ਗੁਆਇਆ ਜਾਂਦਾ ਹੈ, ਜਿਸ ਤੋਂ ਗ਼ਰੀਬ ਲੋਕ ਜੀਵਨ ਤੋਂ ਵੀ ਬੇਜ਼ਾਰ ਹੁੰਦੇ ਜਾ ਰਹੇ ਹਨ। ਆਏ ਦਿਨ ਪੁਤੇਤਿਆਂ ਵਲੋਂ ਠਾਕੇ, ਮੰਗਣੀ, ਵਧਾਈ ਆਦਿ ਦੇ ਨਾਂ ਥਲੇ ਲੜਕੀ ਵਾਲਿਆਂ ਪਾਸੋਂ ਨਾਜਾਇਜ਼ ਮੰਗਾਂ, ਚੁਨੀਆਂ ਚਾੜ੍ਹਨ ਆਦਿ ਮਾਰੂ ਰਸਮਾਂ ਰਚ ਕੇ ਮਾਇਆ ਪ੍ਰਾਪਤੀ ਦੀ ਚਾਹ, ਦਾਜ ਦਿਖਾਲੇ ਤੇ ਜ਼ੋਰ ਦੇ ਕੇ ਸਿਧੇ ਮੂੰਹ ਵਧੇਰੇ ਸਾਮਾਨ ਦੀ ਮੰਗ ਦੁਆਰਾ ਨਾ-ਜਾਇਜ਼ ਧਨ ਦੌਲਤ ਦੇ ਅੰਬਾਰ ਇਕੱਠੇ ਕੀਤੇ ਜਾ ਰਹੇ ਹਨ। ਪੁੱਤਰ ਵਾਲਿਆਂ ਦੀ ਹਿਰਸੀ ਲਾਲਸਾ ਤੋਂ ਦੁਖੀ ਹੋ ਕੇ ਅਨੇਕਾਂ ਘਰਾਣੇ ਤਬਾਹ ਤੇ ਬਰਬਾਦ ਹੋ ਰਹੇ ਹਨ। ਕਈ ਕੀਮਤੀ ਜਾਨਾਂ ਐਸੇ ਸਦਮੇ ਨਾ ਸਹਾਰ ਕੇ ਹਾਰਟ-ਅਟੈਕ ਨਾਲ ਖ਼ਤਮ ਹੋਈਆਂ ਸੁਣੀਆਂ ਗਈਆਂ ਹਨ। ਹਜ਼ਾਰਾਂ ਵਿਚੋਂ ਕੋਈ ਵਿਰਲਾ ਹੀ ਸੰਤੋਖੀ ਘਰ ਹੋਵੇਗਾ, ਨਹੀਂ ਤਾਂ ਸਾਰਾ ਦੇਸ਼ ਹੀ ਇਸੇ ਮਾਇਆ-ਪ੍ਰਾਪਤੀ ਦੇ ਵਹਿਣ ਵਿਚ ਵਹਿੰਦਾ ਤੁਰਿਆ ਜਾ ਰਿਹਾ ਹੈ।

ਅਜ ਲੋੜ ਹੈ ਕਿ ਹਰ ਮਜ਼੍ਹਬ, ਧਰਮ, ਕੌਮ, ਸਮਾਜ ਦੇ ਮੁਖੀ ਇਸ ਦਿਨ ਪ੍ਰਤਿ ਦਿਨ ਵਧ ਰਹੇ ਰੋਗ ਵਲ ਧਿਆਨ ਦੇ ਕੇ ਉਪਰਾਲਾ ਕਰਨ ਤੇ ਇਹੋ ਜਿਹਾ ਕੋਈ ਠੋਸ ਕਦਮ ਉਠਾਣ ਕਿ ਘੁਣ ਵਾਂਗ ਖਾ ਰਹੇ ਲੋਭ ਦੇ ਇਹ ਕੀਟਾਣੂ ਖ਼ਤਮ ਕੀਤੇ ਜਾ ਸਕਣ, ਤਾਂ ਜੁ ਗ਼ਰੀਬ ਲੋਕਾਂ ਨੂੰ ਸੁਖ ਦਾ ਸਾਹ ਆਵੇ।

ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਗੁਰਮਤਿ ਰੀਤੀ ਅਨੁਸਾਰ ਵਿਆਹ ਕਰਾਣ ਦੇ ਦਾਅਵੇਦਾਰ ਵੀ ਇਸ ਦੋਸ਼ ਦੀ ਲਪੇਟ ਤੋਂ ਬਚੇ ਹੋਏ ਨਹੀਂ ਹਨ।

ਸਾਹਿਬ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਤਾਂ ਗੁਰਬਾਣੀ ਵਿਚ ਸਪੱਸ਼ਟ ਅੱਖਰਾਂ ਦੁਆਰਾ ਸੰਕੇਤ ਕੀਤਾ ਹੈ ਕਿ—

"ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ ॥
... ... ...
ਹਰਿ ਕਪੜੋ ਹਰਿ ਸੋਭਾ ਦੇਵਹੁ
ਜਿਤੁ ਸਵਰੈ ਮੇਰਾ ਕਾਜੋ ॥

ਪਰ ਗੁਰਮਤਿ ਨੂੰ ਮੰਨਣ ਵਾਲੇ ਵੀ ਵਿਚਾਰ-ਹੀਣ ਹੋ ਕੇ

www.AKJ.Org

ਇਸ ਰਾਹ ਤੇ ਟੁਰ ਪਏ ਹਨ, ਜੋ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਇਸ ਦਾ ਸੁਧਾਰ ਅਤਿ ਜ਼ਰੂਰੀ ਹੈ। ਪੰਥ ਦੇ ਦਾਨੇ ਸਜਣਾਂ ਨੂੰ ਇਸ ਪਾਸੇ ਸ਼ੀਘਰ ਧਿਆਨ ਦੇਣ ਦੀ ਲੋੜ ਹੈ। ਲੇਖਕ ਦੇ ਵਿਚਾਰ ਅਨੁਸਾਰ ਹੇਠ ਲਿਖੇ ਸਾਧਨਾਂ ਦੁਆਰਾ ਹਾਲਾਤ ਤੇ ਕਾਬੂ ਪਾਇਆ ਜਾ ਸਕਦਾ ਹੈ :—

(ੳ) ਠਾਕੇ ਦੀ ਫ਼ਜ਼ੂਲ ਰਸਮ ਉਕਾ ਹੀ ਬੰਦ ਕੀਤੀ ਜਾਵੇ।

(ਅ)ਮੰਗਣੀ ਸਮੇਂ ਗੁਰਦੁਆਰੇ ਅਰਦਾਸ ਕਰ ਕੇ ਲੜਕੇ ਲਈ ਇਕ ਦਸਤਾਰ, ਗਾਤਰੇ ਦੀ ਕਿਰਪਾਨ, ਕੜਾ, ਕੰਘਾ ਆਦਿ, ਘਟ ਤੋਂ ਘਟ ਮਾਇਆ (ਜੋ ਯਾਰ੍ਹਾਂ ਦਮੜਿਆਂ ਤੋਂ ਵਧ ਨਾ ਹੋਵੇ) ਤੇ ਕੁਝ ਮਿਠਾ ਦਿਤਾ ਜਾਵੇ।

(ੲ) ਚੁੰਨੀ ਪਾਣ ਦਾ ਰਿਵਾਜ (ਜੋ ਬਹੁਤ ਜ਼ੋਰ ਪਕੜਦਾ ਜਾ ਰਿਹਾ ਹੈ) ਮੂਲੋਂ ਹੀ ਵਿਵਰਜਤ ਕੀਤਾ ਜਾਵੇ।

(ਸ) ਵਿਆਹ ਸਮੇਂ ਘਟ ਤੋਂ ਘਟ ਬਰਾਤ ਲਿਆਂਦੀ ਜਾਵੇ, ਜੋ ਕਿਸੇ ਹਾਲਤ ਵਿਚ ਵੀ ੨੧ ਆਦਮੀਆਂ ਤੋਂ ਵਧ ਨਾ ਹੋਵੇ।

(ਹ) ਦਾਜ ਦਿਖਾਲੇ ਤੇ ਪੂਰੀ ਪਾਬੰਦੀ ਲਾਈ ਜਾਵੇ। ਜੋ ਕੁਝ ਲੜਕੀ ਵਾਲਿਆਂ ਕੋਲੋਂ ਸਰੇ ਬਣੇ ਉਹ ਵਿਖਾਲੇ-ਰਹਿਤ ਪ੍ਰਾਪਤ ਕੀਤਾ ਜਾਵੇ।

(ਕ) ਅਨੰਦ ਕਾਰਜ ਤੋਂ ਪਹਿਲਾਂ ਜੈ ਮਾਲਾ ਦਾ ਰਿਵਾਜ ਸਿੰਘਾਂ ਵਿਚ ਵੀ ਆ ਵੜਿਆ ਹੈ, ਜੋ ਨਿਰੋਲ ਮਨ-ਮਤ ਹੈ, ਕਦਾਚਿਤ ਨਾ ਅਪਣਾਇਆ ਜਾਵੇ।

**ਨੋਟ** :—ਪ੍ਰਚਲਤ ਰਸਮਾਂ-ਰਿਵਾਜਾਂ ਦੀ ਪਕੜ ਅਤੇ ਲੋਕ-ਲਾਜਾਂ ਦੀ ਜਕੜ ਤੋਂ ਬਚਣ ਲਈ ਸਹੀ, ਸੁਖੈਨ ਤੇ ਗੁਰਮਤਿ ਮਰਯਾਦਾ ਤਾਂ ਇਹੋ ਹੀ ਹੈ ਕਿ ਅਨੰਦ-ਕਾਰਜ ਗੁਰਮਤਿ-ਸਮਾਗਮਾਂ ਸਮੇਂ ਗੁਰ-ਦੀਵਾਨਾਂ ਵਿਚ ਹੀ ਕੀਤੇ ਜਾਣ ਅਤੇ ਕੋਈ ਉਚੇਚ ਕਿਸੇ ਕਿਸਮ ਦੀ ਨਾ ਕੀਤੀ ਜਾਵੇ, ਸਗੋਂ ਕੀਰਤਨ-ਸਮਾਪਤੀ ਪਿਛੋਂ ਜੋੜੀ ਨੂੰ ਹਜ਼ੂਰੀ ਵਿਚ ਪੇਸ਼ ਕਰ ਕੇ ਅਨੰਦ-ਵਿਵਾਹ ਕਰ ਦਿਤਾ ਜਾਵੇ।

—ਐਡੀਟਰ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਖ-ਧਰਮ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ-ਧਰਮ ਦਾ ਜ਼ੋਰ **ਜ਼ਿੰਦਗੀ** ਤੇ ਹੈ : ਕਿਰਤ ਕਰਨੀ, ਨਾਮ ਜਪਣਾ,ਵੰਡ ਛਕਣਾ। ਸਿਖ ਜੋ ਅਰਦਾਸ ਕਰਦੇ ਹਨ ਉਸ ਦੇ ਅੰਤਲੇ ਫ਼ਿਕਰੇ ਵਿਚ ਭੀ ਸਿਖ ਧਰਮ ਦਾ ਨਿਚੋੜ ਹੈ—ਨਾਨਕ ਨਾਮ ਚੜ੍ਹਦੀ ਕਲਾ, ਤੇਰਾ ਭਾਣਾ, ਸਰਬੱਤ ਦਾ ਭਲਾ। ਇਹ ਹਨ ਧਰਮ ਦੇ ਚਾਰ ਅੰਗ :—

**ਨਾਮ ਜਪਣਾ** :—ਪਰ ਨਾਮ ਜਪੀਏ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ, 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਦੀ ਕਹਾਵਤ ਅਨੁਸਾਰ।

**ਚੜ੍ਹਦੀ ਕਲਾ** :—ਚੜ੍ਹਦੀ ਕਲਾ ਹੋਵੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ। ਅਨੰਦਪੁਰ ਛੁਟ ਗਿਆ, ਮਾਤਾ ਪਿਤਾ ਸ਼ਹੀਦ ਹੋ ਗਏ, ਚਾਰੇ ਲਾਲ ਵੀ ਸ਼ਹੀਦੀ ਪਾ ਗਏ, ਮਾਛੀਵਾੜੇ ਦੇ ਜੰਗਲਾਂ ਵਿਚ ਫਿਰਦੇ ਹਨ ਨੰਗੀ ਪੈਰੀਂ, ਅਤੇ ਔਰੰਗਜ਼ੇਬ ਨੂੰ ਲਿਖਦੇ ਹਨ 'ਜ਼ਫ਼ਰਨਾਮਾ' ਅਥਵਾ ਆਪਣੀ ਜਿੱਤ ਦਾ ਖ਼ਤ। ਇਹ ਹੈ ਚੜ੍ਹਦੀ ਕਲਾ।

**ਤੇਰਾ ਭਾਣਾ** :—ਭਾਣਾ ਮੰਨੀਏ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ। ਸੜਦੀ ਲੋਹ 'ਤੇ ਬੈਠੇ ਹਨ, ਤੱਤੀ ਰੇਤ ਸਰੀਰ ਤੇ ਪੈਂਦੀ ਹੈ। ਫੇਰ ਉਬਲਦੀ ਦੇਗ ਵਿਚ ਬਿਠਾਇਆ ਜਾਂਦਾ ਹੈ; ਪਰ ਆਪ ਬਾਬਾ ਮੀਆਂ ਮੀਰ ਨੂੰ ਹੌਸਲਾ ਦਿੰਦੇ ਹਨ, 'ਤੇਰਾ ਕੀਆ ਮੀਠਾ ਲਾਗੈ।'

**ਸਰਬੱਤ ਦਾ ਭਲਾ** :—ਸਰਬੱਤ ਦਾ ਭਲਾ ਕੀਤਾ ਗੁਰੂ ਤੇਗ ਬਹਾਦਰ ਜੀ ਨੇ। ਕਸ਼ਮੀਰੀ ਪੰਡਤ ਆਪਣੇ ਧਰਮ ਦੀ ਰੱਖਿਆ ਲਈ ਬਿਨੈ ਕਰਦੇ ਹਨ। ਧਰਮ ਦੀ ਅਜ਼ਾਦੀ ਨੂੰ ਕਾਇਮ ਰਖਣ ਲਈ ਆਪ ਨੇ ਦਿਲੀ ਪਹੁੰਚ ਕੇ ਸੀਸ ਭੇਟ ਕਰ ਦਿਤਾ।

[ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਲਿਖਤ 'ਜੀਵਨ ਜੁਗਤਿ' ਵਿਚੋਂ


www.AKJ.Org

# ਜੀਵਨ - ਤੱਤ

[ ਵਲੋਂ—ਗੁਰਪੁਰ-ਵਾਸੀ ਸ: ਤੇਜਾ ਸਿੰਘ ਜੀ ਕੋਹਲੀ ]

ਗੁਰੂ ਕੀ ਬਾਣੀ ਨੂੰ ਇਲਹਾਮ ਆਖਿਆ ਗਿਆ ਹੈ— ਇਹਨੂੰ ਬ੍ਰਹਮ ਬੀਚਾਰ ਦੀ ਵੀਚਾਰ ਕਿਹਾ ਗਿਆ ਹੈ। ਇਹਨੂੰ "ਅੰਮ੍ਰਿਤ ਬਾਣੀ ਤਤ ਵਖਾਣੀ" ਦੀ ਪਦਵੀ ਪੰਚਮ ਪਾਤਸ਼ਾਹ ਨੇ ਦਿਤੀ। ਇਹਨੂੰ ਅਨੇਕਾਂ ਕਰਮ ਜੋਗੀ ਗੁਰਸਿਖਾਂ ਨੇ ਛਾਣ ਪੁਣ ਕੇ, ਪਰਖ ਅਜ਼ਮਾ ਕੇ, ਗੁਰੂ ਕਾ ਰੂਪ ਅਤੇ ਜੀਵਨ ਦੇ ਤਤ (ਅਸਲੀਅਤ) ਦਾ ਸਰੂਪ ਕਿਹਾ, ਮੰਨਿਆ; ਤੇ ਗੁਰੂ ਰੂਪ ਕਰ ਕੇ, ਗੁਰੂ ਕੇ ਹੁਕਮ ਦਾ ਰੂਪ ਸਮਝ ਕੇ, ਆਪਣੇ ਜੀਵਨ ਕਰਨੀਆਂ ਕਾਰਨਾਮਿਆਂ ਵਿਚ ਵਰਤਦਿਆਂ ਗੁਰੂ ਅਮਰਦਾਸ ਜੀ ਦੇ ਸ਼ਬਦਾਂ ਦੀ ਪ੍ਰੋੜ੍ਹਤਾ ਕੀਤੀ ਤੇ ਸਾਬਤ ਕਰ ਵਿਖਾਇਆ :—

"ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ॥"

ਇਸੇ ਹੀ ਤਰ੍ਹਾਂ ਸ੍ਰੀ ਕਬੀਰ ਜੀ ਨੇ ਫ਼ੁਰਮਾਇਆ ਹੈ :—
"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥"

ਸ੍ਰੀ ਪੰਚਮ ਪਾਤਸ਼ਾਹ ਜੀ ਨੇ ਆਖਿਆ :—

"ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿਨਾਮਾ ॥"

ਤੇ ਜਾਂ

"ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ ॥"
"ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ ॥"

ਭਾਵ, ਇਹ ਬਾਣੀ ਮਨੁੱਖ ਜੀਵਨ ਕਿ ਸਿਖ ਜੀਵਨ ਦਾ ਤਤ, ਪਰਖੀ ਅਜ਼ਮਾਈ ਅਸਲੀਅਤ ਹੈ।

ਇਹਨੂੰ ਗੁਰੂ ਨਾਨਕ ਦੇਵ ਜੀ ਨੇ ਉਚਾਰਿਆ। ਪੰਜਵੇਂ ਪਾਤਸ਼ਾਹ ਤਕ ਪੰਜ ਗੁਰੂ ਸਾਹਿਬਾਨ ਸੁਰਤੀ ਕਰਮ, ਆਤਮਕ ਚੇਤੰਨਤਾ ਵਿਚ, ਚੇਤੰਨਤਾ ਭਰਪੂਰ ਸੁਰਤੀ ਅਤੇ ਕਿਰਤ ਕਰਨ ਦੇ ਘੋਲਾਂ ਜੰਜਾਲਾਂ ਵਿਚ ਵਰਤਦੇ ਰਹੇ ਹਨ। ਨੇਕੀ, ਸੇਵਾ, ਸਚਾਈ, ਸੂਰਬੀਰਤਾ ਤੇ ਮਨੁੱਖ ਮਾਤਰ ਦੀ ਕਸਵਟੀ ਉਤੇ ਲਾ ਕੇ ਪਰਖਦਿਆਂ ਇਸ ਬਾਣੀ ਬਾਰੇ ਫ਼ੁਰਮਾਇਆ :—

"ਕੋਈ ਗਾਵੈ ਕੋ ਸੁਣੈ ਹਰਿਨਾਮਾ ਚਿਤੁ ਲਾਇ ॥"

ਇਹ ਸ਼ਰਤ ਲਾ ਦਿਤੀ ਕਿ ਜਿਹੜਾ ਕੋਈ ਪ੍ਰੇਮ ਸਹਿਤ ਇਸ ਬਾਣੀ ਨੂੰ ਗਾਵੇ ਸੁਣੇਗਾ, ਉਹਦਾ ਨਾਮ ਨਾਲ (ਸਿਮਰਨ ਬੰਦਗੀ ਨਾਲ) ਚਿਤ ਲਗੇਗਾ। ਇਹੋ ਇਸ ਬਾਣੀ ਦੀ ਮਹਾਨਤਾ ਹੈ—ਦੂਜੇ ਜੀਵਨ ਸਾਧਨਾਂ ਨਾਲੋਂ ਇਹੋ ਹੀ ਇਸਦੀ ਵਿਸ਼ੇਸ਼ਤਾ ਹੈ। ਇਸ ਕਰਕੇ ਇਹ ਜ਼ਿੰਦਗੀ ਦਾ ਤੱਤ ਹੈ। ਸਾਰੇ ਨੇਕ ਕਰਮ, ਸਾਰੇ ਸ਼ੁਧ ਕਾਰ-ਵਿਹਾਰ, ਸਾਰੇ ਅਨੰਦ ਤੇ ਖ਼ੁਸ਼ੀਆਂ, ਸਮੁੱਚੀ ਚੜ੍ਹਦੀ ਕਲਾ, ਗੁਰਬਾਣੀ ਰੂਪ ਬੀਜ ਦੇ ਫੁਲਦੇ ਖਿੜਦੇ ਤੇ ਸਫਲ ਫਲ ਪ੍ਰਦਾਨ ਕਰਦੇ ਮਨੁੱਖੀ ਜ਼ਿੰਦਗੀ ਦੇ ਨਤੀਜੇ ਹਨ।

ਪਰ ਸੰਸਾਰ ਦੁੱਖਾਂ ਦਾ ਸਮੁੰਦਰ ਹੈ, ਵਿਸ਼ੇ ਵਾਸ਼ਨਾਵਾਂ, ਬੁਰਾਈਆਂ, ਬਿਮਾਰੀਆਂ, ਆਦਰ ਸਤਿਕਾਰ ਹਾਸਲ ਕਰਨ ਦੇ ਵਿਖਾਲੇ ਤੇ ਬਨਾਵਟਾਂ ਮਨੁੱਖ ਨੂੰ ਇਸ ਜੀਵਨ-ਤੱਤ ਦੇ ਸਹੀ ਨਤੀਜਿਆਂ ਉਤੇ ਸਥਿਰ ਨਹੀਂ ਰਹਿਣ ਦੇਂਦੀਆਂ। ਪਰ ਜਿਹੜਾ ਕੋਈ ਹਿਰਦਾ ਸੰਸਾਰ ਦਾ ਹੋਰ ਸਭ ਕੁਝ ਕਰਦਿਆਂ ਇਸ ਜੀਵਨ-ਤੱਤ ਉਤੇ ਚੜ੍ਹਦੀਆਂ ਕਲਾਂ ਵਿਚ ਅਨੰਦ ਤੇ ਪ੍ਰਸੰਨਤਾ ਵਿਚ, ਉਮਾਹ ਤੇ ਉਤਸ਼ਾਹ ਵਿਚ ਰਹਿ ਸਕੇ, ਇਹ ਗੁਰੂ ਕਾ ਪ੍ਰਤੱਖ ਸਰੂਪ ਹੈ। ਗੁਰਬਾਣੀ ਉਸ ਬਾਰੇ ਫ਼ੁਰਮਾਉਂਦੀ ਹੈ :—

ਇਕਿ ਸਦਾ ਇਕਤੈ ਰੰਗਿ ਰਹਹਿ,
ਤਿਨ ਕੈ ਹਉ ਸਦ ਬਲਿਹਾਰੈ ਜਾਉ ॥
ਤਨੁ ਮਨੁ ਧਨੁ ਅਰਪੀ ਤਿਨ ਕਉ,
ਨਿਵਿ ਨਿਵਿ ਲਾਗਉ ਪਾਇ ॥
ਤਿਨ ਮਿਲਿਆ ਮਨੁ ਸੰਤੋਖੀਐ,
ਤ੍ਰਿਸਨਾ ਭੁਖ ਸਭ ਜਾਇ ॥

ਜਿਸ ਨੂੰ ਸਾਹਿਬ ਪੰਚਮ ਪਾਤਸ਼ਾਹ ਇਹ ਪਦਵੀ ਦੇ ਰਹੇ ਹੋਣ ਉਹ ਸੰਸਾਰ ਲਈ, ਮਨੁੱਖਤਾ ਲਈ, ਦੇਸ਼ ਤੇ ਕੌਮ ਲਈ ਕਿੰਨਾ ਉੱਚਾ ਤੇ ਸਤਿਕਾਰ ਯੋਗ ਹੋ ਸਕਦਾ ਹੈ।

www.AKJ.Org

ਪਰ ਮਨ ਖੁਟ-ਹਾਰਾ ਹੈ। ਇਸ ਖੁਟਹਰ ਮਨ ਨੂੰ ਗੁਰੂ ਬਾਣੀ, ਖੋਤੇ ਵਰਗੀਆਂ ਆਦਤਾਂ ਦੀ ਵੀ ਤੁਲਨਾ ਦੇਂਦੀ ਹੋਈ ਆਖਦੀ ਹੈ :–

"ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੂਟੈ ਜਉ ਊਪਰਿ ਲਾਦਾ ॥"

ਇਹ ਤਾਂ ਵਾਸਤਵਿਕਤਾ ਦਾ ਤੱਤ ਵਿਚਾਰ ਹੈ। ਪਰ ਜੋ ਕੁਝ ਮਨ, ਸਰੀਰ, ਆਤਮਾ, ਮਨੁੱਖਤਾ, ਹੋਰ ਭਾਈਚਾਰੇ ਤੇ ਪਰਵਾਰ ਵਿਚ ਵਾਪਰਨ ਦੀ ਸੰਭਵਤਾ ਹੀ ਨਹੀਂ ਸਗੋਂ ਅਵਸ਼ਕਤਾ ਹੈ।

ਗੁਰਸਿਖ ਜੀਵਨ ਦਾ ਤੱਤ (ਅਸਲੀਅਤ) ਕਿਰਤ ਕਰਨ ਵਿਚ ਲਿਆ ਸਕਣਾ ਤੇ "ਇਕਤੈ ਰੰਗਿ ਰਹਹਿ" ਸਕਣਾ ਬੜੀ ਹੀ ਦੁਰਲਭ ਵਸਤੂ ਹੈ। ਇਹਦੇ ਕੁਝ ਗੁਰ ਹਨ, ਜਿਨ੍ਹਾਂ ਨੂੰ ਗੁਰਬਾਣੀ ਹੀ ਨਿਰੂਪਣ ਕਰਦੀ ਹੈ। ਉਹਨਾਂ ਦਾ ਸਹੀ ਰੂਪ ਗੁਰਬਾਣੀ ਦੀ ਕਸਵਟੀ ਉਤੇ ਹੀ ਪਰਖਿਆ ਜਾ ਸਕਦਾ ਹੈ। ਕਥਨੀ ਕਿ ਲੇਖਣੀ ਜੇ ਸੰਸਾਰਕ ਕਰਨੀ ਨਾਲ ਸਾਵੀਂ ਨਹੀਂ ਤਾਂ ਕਥਨੀ ਤੇ ਲੇਖਣੀ ਨਿਰਾ ਇਕ ਦੰਭ ਤੇ ਪਾਖੰਡ ਹੈ। ਗੁਰਬਾਣੀ ਦੇ ਇਹ ਗੁਰ ਹਨ :–

**ਗ੍ਰਹਿਣ ਕਰਨ ਜੋਗ :—**

**1.** ਸਵਾਲ :–

"ਕਿਵ ਸਚਿਆਰਾ ਹੋਈਐ,
ਕਿਵ ਕੂੜੈ ਤੁਟੈ ਪਾਲਿ ॥"

ਇਸ ਸਵਾਲ ਬਾਰੇ ਗੁਰਬਾਣੀ ਦਾ ਜਵਾਬ ਹੈ :–

"ਹੁਕਮ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥"

2. ਸਵਾਲ :–

"ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ॥"
"ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ ॥"

ਇਸ ਦਾ ਜਵਾਬ ਹੈ :–

"ਅੰਮ੍ਰਿਤ ਵੇਲਾ ਸਚੁ
ਨਾਉ ਵਡਿਆਈ ਵੀਚਾਰੁ ॥"

ਜਾਂ

"ਭਰੀਐ ਮਤਿ ਪਾਪਾਂ ਕੈ ਸੰਗਿ ॥
ਓਹ ਧੋਪੈ ਨਾਵੈ ਕੈ ਰੰਗਿ ॥"

ਅਤੇ

"ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥"
"ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥"

**ਨਾਮ ਸਿਮਰਨ ਦੀ ਇਸ ਅਵਸਥਾ ਦੇ ਚਿੰਨ੍ਹ :—**

"ਨਾਮ ਰਸਿ ਜੋ ਜਨ ਤ੍ਰਿਪਤਾਨੇ ॥
ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥"

**ਮਨ ਦੇ ਸੁਖ ਤੇ ਸਿਮਰਨ-ਪ੍ਰਾਪਤੀ ਦੇ ਸਾਧਨ :—**

"ਜਿਨਾ ਰਾਸਿ ਨਾ ਸਚੁ ਹੈ
ਕਿਉ ਤਿਨਾ ਸੁਖੁ ਹੋਇ ॥"
"ਸਚੁ ਸਭਨਾ ਹੋਇ ਦਾਰੂ,
ਪਾਪ ਕਢੈ ਧੋਇ ॥"

ਜਾਂ

"ਪਰ ਧਨ ਪਰ ਦਾਰਾ ਪਰਹਰੀ ॥
ਤਾ ਕੈ ਨਿਕਟਿ ਬਸੈ ਨਰਹਰੀ ॥"

ਜੀਵਨ ਦਾ ਇਹ ਤੱਤ—ਸਿਮਰਨ, ਮਨੁੱਖ ਜ਼ਿੰਦਗੀ ਦਾ ਸ਼੍ਰੋਮਣੀ ਸਾਧਨ ਹੈ, ਜਿਵੇਂ :–

"ਨਾਮ ਤਤੁ ਸਭ ਹੀ ਸਿਰਿ ਜਾਪੈ ॥"

ਤੇ ਇਹ ਅਧਾਰਤ ਹੈ ਸੇਵਾ, ਸਚਾਈ, ਇਨਸਾਫ਼, ਸਰਬਤ ਦਾ ਭਲਾ ਚਿਤਵਨ ਤੇ ਕਰਨ ਉਤੇ—ਵਿਸ਼ੇ ਵਿਕਾਰਾਂ, ਲਾਲਚ, ਹਉਮੈ ਤੇ ਹੰਕਾਰ ਨਾਲ ਮਨ ਨੂੰ ਮੈਲਿਆਂ ਨਾ ਹੋਣ ਦੇਣਾ। ਜੇ ਮਨ ਵਿਚ ਰੰਚਕ ਮਾਤਰ ਵੀ ਮੈਲ ਆ ਜਾਏਗੀ ਤਾਂ ਉਸੇ ਨਿਸਬਿਤ ਨਾਲ ਸਭ ਕੁਝ ਮੈਲਾ ਹੋ ਜਾਏਗਾ, ਜਿਵੇਂ :–

"ਮਨ ਮੈਲੈ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹੁ ਜਗਤੁ ਭਰਮਿ ਭੁਲਾਇਆ
ਵਿਰਲਾ ਬੂਝੈ ਕੋਇ ॥"

ਇਹ ਥੋੜੀ ਕਿ ਬਹੁਤੀ ਮਲੀਨਤਾ ਹੀ ਰੁਕਾਵਟ ਬਣੇਗੀ ਸਦਾ "ਇਕਤੈ ਰੰਗ" (ਸਿਮਰਨ ਰਸ ਵਿਚ ਸਥਿਰ) ਰਹਿਣ ਦੀ—ਮਨ ਭੰਬਲ ਭੂਸਿਆਂ ਜਿਹਿਆਂ ਦੇ ਲਹਾਓ ਚੜ੍ਹਾਓ ਵਿਚ ਗੋਤੇ ਖਾਂਦਾ ਤੇ ਡੁਬਦਾ ਤਰਦਾ ਰਹੇਗਾ।

www.AKJ.Org

# ਧਰਤਿ ਕਾਇਆ ਸਾਧਿ ਕੇ,ਵਿਚਿ ਦੇਇ ਕਰਤਾ ਬੀਉ

[ ਸੂਰਾ ਪਰਵਾਰ ਵਲੋਂ ]

"ਕਹੁ ਕਬੀਰ ਇਹੁ ਰਾਮ ਕੀ ਅੰਸੁ ।" ਜੀਵ 'ਰਾਮ' ਦੀ ਅੰਸ਼ ਹੈ ਅਤੇ ਜੀਵਾਤਮਾ ਦੀ ਤਾਂਘ ਅਨਜਾਣੇ ਹੀ ਅੰਦਰੇ ਅੰਦਰ ਆਪਣੇ ਅਸਲੇ ਰਾਮ (ਪਰਮ-ਆਤਮਾ) ਦੇ ਮਿਲਾਪ ਵਲ ਲਗੀ ਰਹਿੰਦੀ ਹੈ। ਜਿਵੇਂ ਅਕਾਸ਼ੋਂ ਡਿਗੀ ਨਿਕੀ ਜਿਹੀ ਬੂੰਦ, ਡਿਗਦੀ ਢਹਿੰਦੀ ਨਦੀ ਨਾਲਿਆਂ ਦੇ ਰੂਪ ਵਟਾਂਦੀ, ਆਪਣੇ ਅਸਲੇ ਸਮੁੰਦਰ ਵਿਚ ਜਾ ਕੇ ਸਮਾਂ ਜਾਂਦੀ ਹੈ ਤਿਵੇਂ ਇਸ ਜੀਵ ਨੂੰ ਵੀ ਆਪਣੇ ਅਸਲੇ 'ਵਾਹਿਗੁਰੂ' ਤੋਂ ਵਿਛੜ ਹੈ ਕਿਤੇ ਟਿਕਾਣਾ ਨਹੀਂ, ਜਦ ਤਕ ਕਿ ਬਹੁੜ ਇਹ ਆਪਣੇ ਅਸਲੇ ਵਿਚ ਲੀਨ ਨਹੀਂ ਹੋ ਜਾਂਦਾ।

ਭੰਬਲ-ਭੂਸੇ ਖਾਂਦੇ ਤੇ ਭੁਲੇ ਭਟਕੇ ਜੀਵ ਨੂੰ ਸਹੀ ਰਸਤਾ ਦਿਖਾਉਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵ ਨੂੰ 'ਨਾਮ-ਸਿਮਰਨ' ਦੀ ਅਜਿਹੀ ਰੌਸ਼ਨੀ ਬਖ਼ਸ਼ੀ, ਜਿਸ ਦੇ ਪ੍ਰਕਾਸ਼ ਵਿਚ ਜੀਵ ਆਪਣੇ ਰਾਹ 'ਤੇ ਬੇਰੋਕ-ਟੋਕ ਤੇ ਬੇਖ਼ੌਫ਼ ਹੋ ਕੇ, ਪੂਰਨ ਦ੍ਰਿੜ੍ਹਤਾ ਨਾਲ ਤੁਰੀ ਜਾ ਸਕਦਾ ਹੈ ਅਤੇ ਮਨਜ਼ਲ ਨੂੰ ਪ੍ਰਾਪਤ ਕਰ ਸਕਦਾ ਹੈ। ਕਹਿੰਦੇ ਹਨ ਕਿ ਸ਼ੇਰਨੀ ਦਾ ਦੁੱਧ ਸਵਰਨ ਦੇ ਭਾਂਡੇ ਵਿਚ ਹੀ ਟਿਕਦਾ ਹੈ; ਇਵੇਂ ਹੀ 'ਨਾਮ' ਮੈਲੇ ਭਾਂਡੇ (ਹਿਰਦੇ) ਵਿਚ ਨਹੀਂ ਟਿਕ ਸਕਦਾ। ਤਾਹੀਓਂ ਸਤਿਗੁਰਾਂ ਨੇ ਫ਼ੁਰਮਾਇਆ ਹੈ—

ਭਾਂਡਾ ਧੋਇ ਬੈਸਿ ਧੂਪੁ ਦੇਵਹੁ,
ਤਉ ਦੂਧੈ ਕਉ ਜਾਵਉ ॥

ਅਤੇ ਇਸੇ ਤਰ੍ਹਾਂ ਧਰਤੀ ਬੀਜਣ ਲਈ ਪਹਿਲਾਂ ਧਰਤੀ ਸਾਧਣੀ ਪੈਂਦੀ ਹੈ, ਵਾਹੀਦੀ ਹੈ, ਸੁਹਾਗੀਦੀ ਹੈ ਤੇ ਸਿੰਚ ਕੇ ਵਤਰ ਤਿਆਰ ਕਰੀਦਾ ਹੈ। ਫੇਰ ਪੂਰੀ ਸਾਵਧਾਨਤਾ ਸਹਿਤ ਬੀਜ ਬੀਜੀਦਾ ਹੈ।

ਸੋ ਕਾਇਆ-ਧਰਤੀ ਵਿਚ ਕਰਤਾ ਪੁਰਖ ਦੇ ਨਾਮ ਦਾ ਬੀਜ ਬੀਜਣ ਤੋਂ ਪਹਿਲਾਂ ਇਸ ਨੂੰ ਸੋਧਣ ਦੀ ਲੋੜ ਹੈ। ਇਸ ਸਰੀਰ-ਧਰਤੀ ਦੀ ਸਾਧਨਾ ਵਾਸਤੇ ਪੁਰਸ਼ਾਰਥ, ਮਿਹਨਤ, ਲਗਨ ਤੇ ਦ੍ਰਿੜ੍ਹ ਇਰਾਦੇ ਸਹਿਤ ਘਾਲਣਾ ਘਾਲੀ ਜਾਏ ਤਾਂ ਹੀ ਬੀਜਿਆ ਬੀਜ ਫਲੀ-ਭੂਤ ਹੁੰਦਾ ਹੈ। ਸੁੱਕੀ ਧਰਤੀ ਵਿਚ ਬੀਜ ਉਗਦਾ ਹੀ ਨਹੀਂ। ਕਲਰਾਠੀ ਧਰਤੀ ਵਿਚ ਬੀਜ ਉਗ ਕੇ ਸੜ-ਸੁੱਕ ਜਾਂਦਾ ਹੈ। ਅਣ-ਵਾਹੀ ਧਰਤੀ ਫਲ ਚੰਗਾ ਨਹੀਂ ਲਿਆਉਂਦੀ। ਸੋ 'ਨਾਮ-ਖੇਤੀ' ਬੀਜਣ ਵਾਸਤੇ ਤਨ ਮਨ ਰੂਪੀ ਧਰਤੀ ਨੂੰ ਇਉਂ ਤਿਆਰ ਕਰਨ ਦੀ ਲੋੜ ਹੈ —

## ਹਉਮੈ ਦਾ ਤਿਆਗ ਤੇ ਨਿਮਰਤਾ ਦਾ ਗ੍ਰਹਿਣ—

ਸਭ ਤੋਂ ਵਡੀ ਬਿਮਾਰੀ ਹੈ ਮਾਣ ਦੀ, ਹਉਮੈ ਹੰਕਾਰ ਦੀ। ਆਪਣੀ ਵਡਿਆਈ ਦੀ ਭੁੱਖ ਜੀਵ ਨੂੰ ਭਟਕਾਂਦੀ ਫਿਰਦੀ ਹੈ ਅਤੇ ਮਨੁੱਖ "ਹਉ ਮਾਰਉ ਹਉ ਬੰਧਉ ਛੋਡਹੁ, ਮੁਖ ਤੇ ਏਵ ਬਬਾੜੇ" ਦੀ ਕੁਢੱਬੀ ਭੁਲਾਉਣੀ ਵਿਚ ਭੁਲ ਕੇ, ਵਟੇ-ਰੋੜੇ ਇਕੱਠੇ ਕਰ ਰਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਤਿਆਗਣ ਤੇ ਗ੍ਰਹਿਣ ਕਰਨ ਵਾਲੀਆਂ ਵਸਤੂਆਂ ਦੀ ਚਿਤਾਵਨੀ ਇਉਂ ਦਿੰਦੇ ਹਨ—

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ,
ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ,
ਅਉਰੁ ਮਾਨੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ,
ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ,
ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ,
ਕਿਨਹੂ ਗੁਰਮੁਖਿ ਜਾਨਾ ॥੨॥੧॥

ਸਤਿਗੁਰੂ ਪਾਤਸ਼ਾਹ ਨੇ ਜਿਥੇ ਸੁਖ ਦੁਖ ਵਿਚ ਸਮਾਨ ਰਹਿਣ ਦੀ ਹਦਾਇਤ ਕੀਤੀ ਹੈ, ਖ਼ੁਸ਼ੀ ਗ਼ਮੀ ਨੂੰ ਮਨ ਤੇ ਲਾਉਣ ਤੋਂ ਹੋੜਿਆ ਹੈ, ਉਸਤਤ ਨਿੰਦਿਆ ਦੋਹਾਂ ਨੂੰ ਛਡਣ ਲਈ ਕਿਹਾ ਹੈ, ਕਾਮ ਕ੍ਰੋਧ ਤੇ ਹੋਰ ਖੋਟੇ ਕਰਮਾਂ ਤੋਂ ਸਦਾ ਦੂਰ ਰਹਿਣ ਲਈ ਚਿਤਾਵਨੀ ਦਿਤੀ ਹੈ ਉਥੇ ਸਭ ਤੋਂ ਮੁਢਲਾ ਹੁਕਮ ਹੈ 'ਮਨ ਦੇ ਮਾਨ ਤਿਆਗਣ' ਦਾ। ਇਹ ਮਾਨ ਜਾਂ ਹੰਕਾਰ ਐਸੀ ਬੁਰੀ ਬਲਾ ਹੈ ਜਿਸ ਦੇ

www.AKJ.Org

ਆਉਣ ਨਾਲ ਵਡੇ ਵਡੇ ਪਹਿਲਵਾਨਾਂ ਦੀਆਂ ਪਿੱਠਾਂ ਲਗ ਗਈਆਂ। ਵਡੀਆਂ ਵਡੀਆਂ ਕਰਾਮਾਤਾਂ ਵਾਲੇ, ਨਾਮ-ਅਭਿਆਸੀ ਜਨ ਵੀ ਜਦੋਂ ਇਸ ਮਾਨ-ਹੰਕਾਰ ਵਿਚ ਆਏ ਤਾਂ ਉਹ ਟੀਸੀ ਤੋਂ ਐਸੇ ਡਿਗੇ ਕਿ ਫਿਰ ਕੋਈ ਟਿਕਾਣਾ ਨਾ ਲਭਾ। ਇਸ ਬਾਰੇ ਕਬੀਰ ਜੀ ਕਹਿੰਦੇ ਹਨ—

ਕਬੀਰ ਚਤੁਰਾਈ ਅਤਿ ਘਨੀ,
ਹਰਿ ਜਪਿ ਹਿਰਦੈ ਮਾਹਿ ॥
ਸੂਰੀ ਊਪਰਿ ਖੇਲਨਾ,
ਗਿਰੈ ਤ ਠਾਹਰ ਨਾਹਿ ॥੧੦੯॥

ਤਾਂ ਤੇ ਮਾਨ-ਹੰਕਾਰ ਮੁਨੀ-ਮੁਨੀਸ਼ਵਰਾਂ ਨੂੰ ਵੀ ਖਵਾਰ ਕਰਦਾ ਹੈ। ਆਪ ਫ਼ੁਰਮਾਉਂਦੇ ਹਨ :—

ਕਬੀਰ ਮਾਇਆ ਤਜੀ ਤ ਕਿਆ ਭਇਆ,
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ,
ਮਾਨੁ ਸਭੈ ਕਉ ਖਾਇ ॥੧੫੪॥

ਇਸੇ ਲਈ ਸਤਿਗੁਰੂ ਅਮਰਦਾਸ ਜੀ ਸਿਖਿਆ ਦਿੰਦੇ ਹਨ—

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ, ਗੁਰਮੁਖਿ ਨਿਮਾਣਾ ਹੋਹੁ ॥ ਅੰਤਰਿ ਅਗਿਆਨੁ ਹਉ ਬੁਧਿ ਹੈ, ਸਚਿ ਸਬਦੁ ਮਲੁ ਖੋਹੁ ॥ ਹੋਹੁ ਨਿਮਾਣਾ ਸਤਿਗੁਰੂ ਅਗੈ, ਮਤ ਕਿਛੁ ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ, ਮਤ ਤੂੰ ਆਪਣਾ ਆਪ ਗਵਾਵਹੇ ॥ ਸਤਿਗੁਰ ਕੈ ਭਾਣੈ ਕਰਹਿ ਕਾਰ, ਸਤਿਗੁਰ ਕੈ ਭਾਣੈ ਲਾਗਿ ਰਹੁ ॥ ਇਉ ਕਹੈ ਨਾਨਕ, ਆਪੁ ਛਡਿ ਸੁਖ ਪਾਵਹਿ, ਮਨ ਨਿਮਾਣਾ ਹੋਇ ਰਹੁ ॥੭॥

[ਪੰਨਾ ੪੪੧

ਸਾਰਾ ਸੰਸਾਰ ਹੰਕਾਰ ਦੀ ਅਗਨੀ ਵਿਚ ਸੜ ਰਿਹਾ ਹੈ, ਉਸ ਅਗਨੀ ਤੋਂ ਬਚਾਉਣ ਲਈ ਸਤਿਗੁਰੂ ਪ੍ਰਾਣੀ ਨੂੰ ਨਿਮਾਣਾ ਹੋ ਕੇ ਵਿਚਰਨ ਦਾ ਉਪਦੇਸ਼ ਦ੍ਰਿੜ੍ਹਾਉਂਦੇ ਹਨ। ਸੱਚੇ ਸੁਖ ਤੇ ਸੱਚੇ ਨਾਮ ਦੀ ਪ੍ਰਾਪਤੀ ਹਉਮੈ ਤਿਆਗਣ ਵਿਚ ਹੈ। "ਕੂੜ ਬਣ ਬਹਿਣ" ਤੋਂ ਸਤਿਗੁਰੂ ਸਦਾ ਵਰਜਦੇ ਹਨ। ਸਚੀ ਦਰਗਾਹ ਵਿਚ ਨਿਮਾਣੇ ਤੇ ਦੀਨਤਾ ਵਾਲੇ ਨੂੰ ਆਦਰ ਪ੍ਰਾਪਤ ਹੁੰਦਾ ਹੈ। ਭਾਈ ਗੁਰਦਾਸ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ—

ਹਉਮੈ ਗਰਬੁ ਨਿਵਾਰੀਐ,
ਗੁਰਮੁਖਿ ਰਿਦੈ ਗਰੀਬੀ ਆਵੈ ॥
ਗਿਆਨ ਮਤੀ ਘਟਿ ਚਾਨਣਾ,
ਭ੍ਰਮ ਅਗਿਆਨ ਅੰਧੇਰੁ ਮਿਟਾਵੈ ॥
ਹੋਇ ਨਿਮਾਣਾ ਢਹਿ ਪਵੈ,
ਦਰਗਹ ਮਾਣੁ ਨਿਮਾਣਾ ਪਾਵੈ ॥......

[ਵਾਰ ੨੯, ਪਉੜੀ ੧੩

ਸਗੋਂ ਭਾਈ ਸਾਹਿਬ ਤਾਂ ਕੁਝ ਪ੍ਰਮਾਣ ਦੇ ਕੇ ਗਰੀਬੀ ਤੇ ਨਿਮਰਤਾ ਧਾਰਨ ਕਰਨ ਲਈ ਇਉਂ ਪ੍ਰੇਰਦੇ ਹਨ ਅਤੇ ਇਹੋ ਹੀ ਗੁਰਸਿਖ ਹੋਣ ਦੀ ਨਿਸ਼ਾਨੀ ਬਿਆਨ ਕਰਦੇ ਹਨ :—

ਧਰਤੀ ਪੈਰਾਂ ਹੇਠਿ ਹੈ, ਧਰਤੀ ਹੇਠਿ ਵਸੰਦਾ ਪਾਣੀ ॥ ਪਾਣੀ ਚਲੈ ਨੀਵਾਣ ਨੋ, ਨਿਰਮਲੁ ਸੀਤਲੁ ਸੁਧੁ ਪਰਾਣੀ ॥ ਬਹੁ ਰੰਗੀ ਇਕ ਰੰਗੁ ਹੈ, ਸਭਨਾ ਅੰਦਰਿ ਇਕੋ ਜਾਣੀ ॥ ਤਤਾ ਹੋਵੈ ਧੁਪ ਵਿਚਿ, ਛਾਵੈ ਠੰਢਾ ਵਿਰਤੀ ਹਾਣੀ ॥ ਤਪਦਾ ਪਰਉਪਕਾਰ ਨੋ, ਠੰਢੇ ਪਰਉਪਕਾਰ ਵਿਹਾਣੀ ॥ ਅਗਨਿ ਬੁਝਾਏ ਤਪਤਿ ਵਿਚਿ, ਠੰਢਾ ਹੋਵੈ ਬਿਲਮੁ ਨ ਆਣੀ ॥ ਗੁਰਸਿਖੀ ਦੀ ਇਹ ਨੀਸਾਣੀ ॥

[ਵਾਰ ੨੮, ਪਉੜੀ ੧੩

ਸਤਿਗੁਰੂ ਪਾਤਸ਼ਾਹ ਥਾਂ-ਪਰ-ਥਾਂ ਹਉਮੈ ਨਾਵੈ ਦਾ ਵਿਰੋਧ ਦਸਦਿਆਂ ਹੋਇਆਂ ਫਿਰ ਪ੍ਰਾਣੀ ਨੂੰ ਡਾਢੇ ਲਾਡ-ਪਿਆਰ ਵਿਚ ਸਮਝਾਉਂਦੇ ਹਨ—

ਸੁਣਿ ਬਾਵਰੇ ਮਤੁ ਜਾਣਹਿ, ਪ੍ਰਭੁ ਮੈ ਪਾਇਆ ॥
ਸੁਣਿ ਬਾਵਰੇ ਥੀਉ ਰੇਣੁ,ਜਿਨੀ ਪ੍ਰਭੁ ਧਿਆਇਆ ॥

**ਆਪਸ ਤੇ ਊਪਰਿ ਸਭ ਜਾਣਹੁ—**

ਹਉਮੈ ਦਾ ਤਿਆਗ ਓਦੋਂ ਹੀ ਹੋ ਸਕਦਾ ਹੈ ਜਦੋਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣੀਏ, ਆਪਣੇ ਔਗੁਣਾਂ ਵਲ ਸਦਾ ਝਾਤੀ ਮਾਰੀਏ ਅਤੇ ਹੋਰਨਾਂ ਸਭਨਾਂ ਨੂੰ ਚੰਗਾ ਕਰ ਸਮਝੀਏ। ਸ੍ਰੀ ਗੁਰੂ ਨਾਨਕ ਦੇਵ ਜੀ ਇਹੋ

www.AKJ.Org

ਗੱਲ ਸੂਹੀ ਰਾਗ ਵਿਚ ਇਉਂ ਸਮਝਾਂਦੇ ਹਨ—

ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥

ਭਗਤ ਕਬੀਰ ਜੀ ਇਸ ਦੀ ਪੁਸ਼ਟੀ ਇਉਂ ਕਰਦੇ ਹਨ—

ਕਬੀਰ ਸਭ ਤੇ ਹਮ ਬੁਰੇ,
ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ,
ਮੀਤੁ ਹਮਾਰਾ ਸੋਇ ॥ ੭ ॥

ਕਬੀਰ ਜੀ ਉਨ੍ਹਾਂ ਸਜਣਾਂ ਨੂੰ ਹੀ ਆਪਣਾ ਮਿੱਤਰ ਬਣਾਉਂਦੇ ਹਨ ਜਿਨ੍ਹਾਂ ਨੂੰ ਆਪਣੇ ਆਪ ਤੋਂ ਬਿਨਾਂ ਸਾਰੇ ਭਲੇ ਹੀ ਭਲੇ ਦਿਸਦੇ ਹਨ । ਪਰ ਨਿਰੰਕਾਰੀ ਪਾਤਸ਼ਾਹ ਇਸ ਤੋਂ ਵੀ ਅਗਾਂਹ ਲੰਘ ਜਾਂਦੇ ਹਨ । ਉਹ ਜਪੁਜੀ ਸਾਹਿਬ ਵਿਚ ਜਿਥੇ ਘੋਰ ਅਪਰਾਧੀਆਂ, ਚੋਰਾਂ ਯਾਰਾਂ, ਹਰਾਮਖ਼ੋਰਾਂ ਅਤੇ ਗਲੇ ਵਢਣ ਵਾਲੇ ਪਾਪੀਆਂ ਹਤਿਆਰਿਆਂ ਦਾ ਜ਼ਿਕਰ ਕਰਦੇ ਹਨ ਉਥੇ ਅਖ਼ੀਰ ਵਿਚ ਆ ਕੇ ਆਪਣੇ ਆਪ ਨੂੰ "ਨਾਨਕੁ ਨੀਚੁ ਕਹੈ ਵੀਚਾਰੁ" ਲਿਖ ਕੇ ਆਪਣੀ ਨਿਰਮਾਣਤਾ ਤੇ ਗਰੀਬੀ ਦੀ ਹਦ ਤਕ ਪੁਜ ਜਾਂਦੇ ਹਨ ।

ਪੰਜਵੇਂ ਸਤਿਗੁਰੂ ਜੀ ਵੀ ਸੱਚੀ ਦਰਗਾਹ ਵਿਚ ਸੁਖ ਪ੍ਰਾਪਤ ਕਰਨ ਦਾ ਇਹੋ ਹੀ ਸਾਧਨ ਦਸਦੇ ਹਨ—

ਪਵਹੁ ਚਰਣਾ ਤਲਿ ਊਪਰਿ ਆਵਹੁ,
ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ,
ਤਉ ਦਰਗਹ ਸੁਖੁ ਪਾਵਹੁ ॥

ਭਗਤ ਫ਼ਰੀਦ ਜੀ ਵੀ ਇਸ ਮਾਰਗ ਦੇ ਪੰਧਾਊਆਂ ਨੂੰ ਸਾਧ-ਸੰਗਤ ਦੇ ਚਰਨਾਂ ਦੀ ਧੂੜ ਬਣ ਜਾਣ ਦਾ ਉਪਦੇਸ਼ ਦਿੰਦੇ ਹਨ :—

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਂਈ ਦੈ ਦਰਿ ਵਾੜੀਅਹਿ ॥੧੬॥

## ਹਿਆਉ ਨ ਠਾਹੇ ਕਹੀਦਾ—

ਗਰੀਬੀ ਤੇ ਨਿਰਮਾਣਤਾ ਵਿਚ ਰਹਿਣ ਵਾਲਾ ਕਦੀ ਵੀ ਕਿਸੇ ਦਾ ਦਿਲ ਨਹੀਂ ਦੁਖਾਂਦਾ । ਉਹ ਗੁਰਬਾਣੀ ਦੇ ਇਨ੍ਹਾਂ ਹੁਕਮਾਂ ਤੇ ਪਹਿਰਾ ਦਿੰਦਾ ਹੈ—

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥
੧੩੦॥ [ ਸਲੋਕ ਫ਼ਰੀਦ ਜੀ

ਉਹ ਜਾਣਦਾ ਹੈ ਕਿ ਸਭ ਹਿਰਦੇ ਅਮੁਲੀਕ ਰਤਨ ਹਨ ਅਤੇ ਸਭਨਾਂ ਦੇ ਅੰਦਰ ਸਹੁ-ਪ੍ਰਭੂ ਵਸਦਾ ਹੈ । ਕਿਸੇ ਦੇ ਮਨ ਨੂੰ ਢਾਹੁਣਾ ਆਪਣੇ ਪਿਆਰੇ ਪ੍ਰਭੂ ਦੀ ਨਿਰਾਦਰੀ ਤੁਲ ਹੈ । ਉਹ ਤਾਂ ਸਗੋਂ ਬੁਰੇ ਦਾ ਵੀ ਭਲਾ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦਾ ਹੈ—

ਫਰੀਦਾ ਜੋ ਤੈ ਮਾਰਨਿ ਮੁਕੀਆਂ. ਤਿਨ੍ਹਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ ॥੭॥

ਕਿਹਾ ਸੁੰਦਰ ਉਪਦੇਸ਼ ਹੈ ਕਿ ਮੁੱਕੀਆਂ ਮਾਰਨ ਵਾਲਿਆਂ ਤੋਂ ਵੀ ਬਦਲਾ ਨਹੀਂ ਲੈਣਾ, ਸਗੋਂ ਉਸ ਨੂੰ ਵੀ ਪਿਆਰ ਨਾਲ ਹੀ ਜਿਤਣਾ ਹੈ । ਅਜਿਹਾ ਕਰਨ ਨਾਲ ਦੋਖੀ ਪੁਰਸ਼ ਵੀ ਪਸਚਾਤਾਪ ਵਿਚ ਆ ਜਾਂਦੇ ਹਨ ।

## ਗੁਰਮੁਖਿ ਮਿਠਾ ਬੋਲਣਾ—

ਆਪਣੇ ਆਪ ਨੂੰ ਸਾਧਣ, ਸੰਵਾਰਨ ਤੇ ਮਨ ਧੋਣ ਦਾ ਅਗਲਾ ਗੁਣ ਗ੍ਰਹਿਣ ਕਰਨ ਵਾਲਾ ਹੈ 'ਮਿਠਾ ਬੋਲਣਾ' । ਮਿੱਠੇ ਸ਼ਬਦ ਦੀ ਸੁੱਤ ਕੰਨ੍ਹਾਂ ਵਿਚ ਪੈਂਦਿਆਂ ਹੀ ਮਨ ਸੁਆਦ ਵਿਚ ਆ ਜਾਂਦਾ ਹੈ । ਮਿੱਠੇ ਬੋਲ ਤੇ ਮਿੱਠੇ ਗੀਤ ਸਭ ਨੂੰ ਭਾਉਂਦੇ ਹਨ । ਮਿਠਾ ਬੋਲਣਾ ਇਕ ਉੱਤਮ ਗੁਣ ਹੈ । ਇਸੇ ਵਾਸਤੇ ਭਾਈ ਗੁਰਦਾਸ ਜੀ ਮਿਠਾ ਬੋਲਣ ਵਾਲਿਆਂ ਤੋਂ ਵਾਰਨੇ-ਬਲਿਹਾਰਨੇ ਜਾਂਦੇ ਹਨ—

ਬਲਿਹਾਰੀ ਤਿਨਾ ਗੁਰਸਿਖਾਂ,
ਗੁਰਮਤਿ ਬੋਲ ਬੋਲਦੇ ਮਿਠਾ ॥

ਮਿੱਠਾ ਬੋਲਣ ਦੀ ਮਹਿਮਾ ਅਤਿ ਅਨੂਪਮ ਹੈ । ਇਹ ਸਤੋਗੁਣੀ ਸੁਭਾਵ ਤੋਂ ਵੀ ਪਰੇ ਪਰਮੇਸ਼ਵਰੀ ਗੁਣ ਹੈ—

ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥

ਮਿਠਬੋਲੜਾ ਹਰੇਕ ਨੂੰ ਪਿਆਰਾ ਲਗਦਾ ਹੈ ਤੇ ਮਿਠੇ ਬੋਲ ਤਪਦੇ ਹਿਰਦਿਆਂ ਨੂੰ ਠਾਰਦੇ ਹਨ । ਕੋਇਲ ਦੀ ਮਿਠੀ ਅਵਾਜ਼ ਸਭ ਨੂੰ ਭਾਉਂਦੀ ਹੈ, ਪਰ ਕਾਂ ਦੀ ਕਾਂਇ

www.AKJ.Org

ਕਾਇ ਦੁਰਕਾਰੀ ਜਾਂਦੀ ਹੈ। ਇਸੇ ਤਰ੍ਹਾਂ ਕੌੜਾ ਤੇ ਫਿਕਾ ਬੋਲਣਾ ਕਿਸੇ ਨੂੰ ਚੰਗਾ ਨਹੀਂ ਲਗਦਾ। ਕੌੜੇ ਬੋਲਾਂ ਨਾਲ ਦੂਜਿਆਂ ਦੇ ਮਨ ਤਪਸ਼ ਵਿਚ ਆ ਜਾਂਦੇ ਹਨ। ਫਿਕਾ ਬੋਲਣ ਨਾਲ ਆਪਣਾ ਤਨ ਮਨ ਫਿਕਾ ਹੋ ਜਾਂਦਾ ਹੈ—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਕੌੜੇ ਨੂੰ ਹਰ ਕੋਈ ਥੁਕ ਦਿੰਦਾ ਹੈ ਅਤੇ ਫਿਕੇ ਨੂੰ ਪਰ੍ਹਾਂ ਸੁਟ ਦਿੰਦਾ ਹੈ, ਪਰ ਮਿਠਾ ਸਵੀਕਾਰ ਕੀਤਾ ਜਾਂਦਾ ਹੈ। ਸੋ ਬੋਲਾਂ ਵਿਚ ਮਿਠਾਸ ਵਸਾਉਣੀ, ਹਿਰਦੇ ਦੀਆਂ ਡੂੰਘਾਈਆਂ ਵਿਚ ਮਿਠਾਸ ਭਰਨੀ ਹੈ। ਮਿਠ-ਬੋਲੇ ਹਰ ਥਾਂ ਸਤਿਕਾਰੇ ਜਾਂਦੇ ਹਨ; ਪਰ ਫਿਕੇ ਸਭ ਥਾਈਂ ਤ੍ਰਿਸਕਾਰੇ ਜਾਂਦੇ ਹਨ, ਬਲਕਿ ਜੁੱਤੀਆਂ ਦੀ ਮਾਰ ਖਾਂਦੇ ਹਨ—

ਫਿਕਾ ਮੂਰਖੁ ਆਖੀਐ,
ਪਾਣਾ (ਜੁੱਤੀਆਂ) ਲਹਿ ਸਜਾਇ ॥

## ਉਸਤਤਿ ਨਿੰਦਾ ਦੋਊ ਤਿਆਗੈ—

ਕਬੀਰ ਜੀ ਫੁਰਮਾਉਂਦੇ ਹਨ ਕਿ—

"ਉਸਤਤਿ ਨਿੰਦਾ ਦੋਊ ਬਿਬਰਜਤ,
ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨੈ,
ਤੇ ਮੂਰਤਿ ਭਗਵਾਨਾ ॥"

ਉਸਤਤ ਨਿੰਦਾ ਵਿਚ ਪੈਣਾ ਚੰਚਲ ਮਨ ਦੀ ਖੋਟੀ ਵਾਦੀ ਹੈ, ਜੋ ਬੜੀ ਹਾਨੀਕਾਰਕ ਹੈ। ਸਮੱਗਰ ਬਾਣੀ ਅੰਦਰ ਅਨੇਕਾਂ ਗੁਰ-ਪ੍ਰਮਾਣਾਂ ਦੁਆਰਾ ਇਨ੍ਹਾਂ ਤੋਂ ਬਚਣ ਲਈ ਸਾਵਧਾਨ ਕੀਤਾ ਗਿਆ ਹੈ। ਉਸਤਤੀ ਤੇ ਨਿੰਦ ਦੋਵੇਂ ਸੁਭਾ ਮਾੜੇ ਹਨ।

ਆਮ ਤੌਰ ਤੇ ਮਨੁੱਖ ਅੰਦਰ ਈਰਖਾ ਦੀ ਅਗਨੀ ਭਰੀ ਹੋਈ ਹੈ। ਈਰਖਾ ਦੇ ਅਸਰ ਹੇਠ ਮਨੁੱਖ ਨਿੰਦਾ ਕਰਨ ਵਿਚ ਪਰਵਿਰਤ ਹੋ ਜਾਂਦਾ ਹੈ। ਨਿੰਦਾ ਕਰ ਕੇ ਜੀਵ ਆਪਣੀ ਅੰਦਰਲੀ ਈਰਖਾ ਦੀ ਭੜਾਸ ਕਢਦਾ ਹੈ ਅਤੇ ਇਸ ਤਰ੍ਹਾਂ ਦੂਜਿਆਂ ਦੀ ਭੰਡੀ ਕਰ ਕੇ ਖ਼ੁਸ਼ੀ ਹੁੰਦਾ ਹੈ। ਪਰ ਇਹ ਈਰਖਾ ਤੇ ਨਿੰਦਿਆ ਮਨੁੱਖ ਨੂੰ ਰਸਾਤਲ ਵਿਚ ਸੁਟ ਦਿੰਦੀ ਹੈ ਅਤੇ ਨਿੰਦਕ ਨੂੰ ਕਿਤੇ ਢੋਈ ਨਹੀਂ ਮਿਲਦੀ। ਇਸੇ ਲਈ ਸਤਿਗੁਰੂ ਫੁਰਮਾਉਂਦੇ ਹਨ—

ਨਿੰਦਾ ਭਲੀ ਕਿਸੈ ਕੀ ਨਾਹੀ, ਮਨਮੁਖ ਮੁਗਧ ਕਰੰਨਿ ॥
ਅਤੇ—ਨਿੰਦਕ ਕੀ ਗਤਿ ਕਤਹੂ ਨਾਹੀ......॥
ਅਤੇ—ਕਰੈ ਨਿੰਦ ਬਹੁ ਜੋਨੀ ਹਾਂਢੈ ॥
ਅਤੇ—ਮੁਹ ਕਾਲੇ ਤਿਨਾ ਨਿੰਦਕਾ, ਤਿਤੁ ਸਚੈ ਦਰਬਾਰਿ ॥
ਅਤੇ—ਅਰੜਾਵੈ ਬਿਲਲਾਵੈ ਨਿੰਦਕੁ ॥
ਪਾਰਬ੍ਰਹਮੁ ਪਰਮੇਸ਼ਰੁ ਬਿਸਰਿਆ,
ਆਪਣਾ ਕੀਤਾ ਪਾਵੈ ਨਿੰਦਕੁ ॥੧॥ਰਹਾਉ॥
ਜੇ ਕੋਈ ਉਸ ਕਾ ਸੰਗੀ ਹੋਵੈ,
ਨਾਲੇ ਲਏ ਸਿਧਾਵੈ ॥
ਅਣਹੋਦਾ ਅਜਗਰ ਭਾਰੁ ਉਠਾਏ,
ਨਿੰਦਕੁ ਅਗਨੀ ਮਾਹਿ ਜਲਾਵੈ ॥੧॥
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ,
ਸੁ ਨਾਨਕ ਆਖਿ ਸੁਣਾਵੈ ॥

ਜਿਥੇ ਨਿੰਦਕ ਨੂੰ ਇੰਨਾ ਫਿਟਕਾਰਿਆ ਗਿਆ ਹੈ ਉਥੇ ਗੁਰੂ ਪਰਮੇਸਰ ਤੋਂ ਬਿਨਾ ਕਿਸੇ ਦੀ ਵੀ ਉਸਤਤ ਕਰਨੀ ਲਾਹੇਵੰਦੀ ਨਹੀਂ ਅਤੇ ਇਹ ਜੀਵ ਨੂੰ ਆਪਣੇ ਸਹੀ ਨਿਸ਼ਾਨੇ ਤੋਂ ਉਖੇੜਦੀ ਹੈ। ਤਾਹੀਂ ਸਤਿਗੁਰੂ ਜੀ ਨੇ ਨਿੰਦਾ ਉਸਤਤ ਦੋਹਾਂ ਤੋਂ ਹੋੜਿਆ ਹੈ।

## ਸਾਝ ਕਰੀਜੈ ਗੁਣਹ ਕੇਰੀ—

ਨਿੰਦਾ ਤੋਂ ਤਦ ਹੀ ਬਚਿਆ ਜਾ ਸਕਦਾ ਹੈ, ਜੇ ਅਸੀਂ ਕਿਸੇ ਦੇ ਔਗੁਣ ਵਿਚਾਰ ਵਿਚ ਹੀ ਨਾ ਲਿਆਈਏ, ਸਗੋਂ ਹਮੇਸ਼ਾ ਉਸ ਦੇ ਗੁਣ ਤਕੀਏ ਅਤੇ ਉਸ ਨਾਲ ਗੁਣਾਂ ਦੀ ਸਾਂਝ ਪਾਈਏ। ਹਰੇਕ ਜੀਵ ਵਿਚ ਗੁਣ ਔਗੁਣ ਹੁੰਦੇ ਹਨ। ਮਾੜੇ ਬੰਦਿਆਂ ਵਿਚ ਵੀ ਜੇ ਕੋਈ ਗੁਣ ਦਿਸੇ ਤਾਂ ਉਸ ਗੁਣ ਦੇ ਸਾਂਝੀਵਾਲ ਬਣੀਏ, ਨਾ ਕਿ ਅਸੀਂ ਉਸ ਦੇ ਔਗੁਣ ਚਿਤਾਰੀਏ। ਇਸ ਪ੍ਰਥਾਇ ਸ੍ਰੀ ਗੁਰੂ ਨਾਨਕ ਦੇਵ ਜੀ ਸੂਹੀ ਰਾਗ ਵਿਚ ਇਉਂ ਫੁਰਮਾਉਂਦੇ ਹਨ—

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ॥

## ਘਾਲਿ ਖਾਇ ਕਿਛੁ ਹਥਹੁ ਦੇਇ—

ਮਿਠਾ ਬੋਲਣ ਤੇ ਨਿਵ ਚਲਣ ਗੁਣਾਂ ਦੇ ਨਾਲ ਰਲਵੀਂ ਸੁਕ੍ਰਿਤ 'ਹਥਹੁ ਦੇ ਕੇ ਭਲਾ ਮਨਾਉਣ' ਦੀ ਹੈ। ਭਾਈ


www.AKJ.Org

ਗੁਰਦਾਸ ਜੀ ਇਸ ਪ੍ਰਥਾਇ ਇਉਂ ਲਿਖਦੇ ਹਨ—

ਮਿਠਾ ਬੋਲਣੁ, ਨਿਵ ਚਲਣੁ, ਹਥਹੁ ਦੇ ਕੈ
ਭਲਾ ਮਨਾਏ ॥ ਥੋੜਾ ਸਵਣਾ ਖਾਵਣਾ, ਥੋੜਾ
ਬੋਲਣ ਗੁਰਮਤਿ ਪਾਏ ॥ ਘਾਲ ਖਾਏ ਸੁਕ੍ਰਿਤ
ਕਰੈ, ਵਡਾ ਹੋਇ ਨ ਆਪੁ ਗਣਾਏ ॥

ਸੋ ਸਿਖ ਲਈ ਹਥੋਂ ਦੇ ਕੇ ਭਲਾ ਤਾਂ ਹੀ ਮਨਾਇਆ ਜਾ ਸਕਦਾ ਹੈ, ਜੇ ਧਰਮ ਦੀ ਕਿਰਤ ਕਰੇ। ਦਸਾਂ ਨਹੁੰਆਂ ਦੀ ਨੇਕ ਕਮਾਈ ਹੀ ਫਲਦੀ ਫੁਲਦੀ ਹੈ ਅਤੇ ਜੀਵ ਨੂੰ ਸੰਤੋਖੀ ਬਣਾਉਂਦੀ ਹੈ, ਜਦ ਕਿ ਭੈੜੀ ਕਮਾਈ ਤ੍ਰਿਸ਼ਨਾਲੂ ਬਣਾਉਂਦੀ ਹੈ। ਧਰਮ ਦੀ ਕਿਰਤ ਕਰਨ ਵਾਲਾ ਹੀ ਪਰ-ਮਾਰਥ ਦੇ ਰਾਹ ਦੀ ਸਹੀ ਪਛਾਣ ਕਰ ਸਕਦਾ ਹੈ। ਸਤਿਗੁਰੂ ਇਉਂ ਸਪੱਸ਼ਟ ਕਰਦੇ ਹਨ—

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਭਾਈ ਗੁਰਦਾਸ ਜੀ ਵੀ ਸੁੱਚੀ ਕਿਰਤ ਅਤੇ ਵੰਡ ਛਕਣ ਬਾਰੇ ਇਉਂ ਸੋਝੀ ਦਿੰਦੇ ਹਨ—

ਕਿਰਤ ਵਿਰਤ ਕਰਿ ਧਰਮ ਦੀ,
ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ,
ਪਿਛਹੁ ਬਚਿਆ ਆਪ ਖਵੰਦਾ ॥

ਇਸ ਤੋਂ ਸਿਧ ਹੁੰਦਾ ਹੈ ਕਿ ਜਿਥੇ ਧਰਮ ਦੀ ਕਿਰਤ ਜ਼ਰੂਰੀ ਹੈ ਉਥੇ ਦੂਜਿਆਂ ਨੂੰ ਵੰਡ ਕੇ ਛਕਣਾ ਭੀ ਲੁੜੀਂਦਾ ਹੈ। ਨਾਮ ਜਪਣਾ, ਵੰਡ ਛਕਣਾ ਤੇ ਧਰਮ ਦੀ ਕਿਰਤ ਕਰਨੀ ਗੁਰਸਿਖੀ ਦੇ ਮੁੱਢਲੇ ਅਸੂਲ ਹਨ।

## ਨਿਸ਼ਕਾਮ ਸੇਵਾ—

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤਿ ਪਰਾਪਤਿ ਸੁਆਮੀ ॥

ਗੁਰੂ-ਘਰ ਵਿਚ 'ਸੇਵਾ' ਦਾ ਅਸਥਾਨ ਅਤਿ ਉਚਾ ਹੈ, ਪਰ ਨਿਸ਼ਕਾਮ ਸੇਵਾ ਹੀ ਪਰਵਾਨ ਹੈ। ਜਿਸ ਕਿਸੇ ਨੇ ਵੀ ਕੁਝ ਪਾਇਆ ਹੈ, ਉਹ ਸੇਵਾ ਤੋਂ ਹੀ ਪਾਇਆ ਹੈ। ਸਧਾਰਨ ਪ੍ਰਾਪਤੀਆਂ ਤੋਂ ਲੈ ਕੇ ਗੁਰਿਆਈ ਦੇ ਮਰਾਤਬੇ ਤਾਈਂ ਸਭ ਸੇਵਾ ਦੀ ਕਰਾਮਾਤ ਹੈ।ਸੇਵਾ ਬਾਰੇ ਸਤਿਗੁਰਾਂ ਦੇ ਤਾਕੀਦੀ ਉਪਦੇਸ਼ ਮਿਲਦੇ ਹਨ; ਜਿਹਾ ਕਿ—

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ॥

ਅਤੇ—

ਪਾਣੀ ਪਖਾ ਪੀਸੁ ਦਾਸੁ ਕੈ, ਤਬ ਹੋਹਿ ਨਿਹਾਲ ॥

ਸਤਿਗੁਰੂ ਜੀ ਨੇ ਜਿਥੇ ਨਾਮ ਜਪਣਾ ਜੀਵਾਤਮਾ ਦੀ ਸੇਵਾ ਦਰਸਾਈ ਹੈ ਉਥੇ ਹੱਥ ਪੈਰ ਤੇ ਤਨ ਸਫਲ ਕਰਨ ਵਾਸਤੇ ਪਾਣੀ ਢੋਣਾ, ਪੱਖਾ ਝਲਣਾ, ਚਕੀ ਪੀਹਣੀ, ਤਪੜ ਝਾੜ ਕੇ ਵਿਛਾਉਣੇ ਤੇ ਲੰਗਰ ਵਿਚ ਚੁਲ੍ਹੇ ਝੋਕਣ ਆਦਿ ਦੀ ਸੇਵਾ ਕਰਨੀ ਵੀ ਲਾਜ਼ਮੀ ਦਸੀ ਹੈ। ਨਵਾਬ ਕਪੂਰ ਸਿੰਘ ਜੀ ਨੇ ਨਵਾਬੀ ਨਾਲੋਂ ਘੋੜਿਆਂ ਦੀ ਲਿਦ ਚੁਕਣ ਦੀ ਸੇਵਾ ਨੂੰ ਤਰਜੀਹ ਦਿਤੀ ਸੀ।

ਗੁਰਸਿਖ ਮਨੁੱਖ ਮਾਤਰ ਦੀ ਸੇਵਾ ਲਈ ਤਤਪਰ ਹੈ। ਸੇਵਾ ਕਰ ਕੇ ਆਪਣੇ ਆਪ ਨੂੰ ਜਣਾਉਣਾ ਨਹੀਂ, ਸਗੋਂ ਆਪਣਾ ਆਪ ਨਿਵਾਰਨਾ ਹੈ। ਸੇਵਾ ਭਾਈ ਘਨੱਈਆ ਜੀ ਵਾਂਗ ਕਰਨੀ ਹੈ। 'ਨੇਕੀ ਕਰ ਔਰ ਕੂਏਂ ਮੇਂ ਡਾਲ' ਵਾਲੇ ਅਖਾਣ ਵਾਂਗ ਸੇਵਾ ਕਰ ਕੇ ਭੁਲ ਜਾਣਾ ਹੈ, ਸੇਵਾ ਕਿਸੇ ਨੂੰ ਜਿਤਲਾਉਣੀ ਨਹੀਂ। ਅਜਿਹੀ ਸੇਵਾ ਹੀ ਨਿਸ਼ਕਾਮ ਸੇਵਾ ਹੈ।

## ਥੋੜਾ ਸਵਣਾ ਖਾਵਣਾ, ਥੋੜਾ ਬੋਲਣੁ ਗੁਰਮਤਿ ਪਾਏ—

ਸਰੀਰਕ ਸੁਧਾਈ ਲਈ ਥੋੜਾ ਖਾਣਾ ਤੇ ਥੋੜਾ ਸੌਣਾ ਅਤਿ ਜ਼ਰੂਰੀ ਹੈ। ਅਨਾਜ ਵਿਚ ਵੀ ਖੁਮਾਰੀ ਹੈ, ਜਿਸ ਨਾਲ ਸਰੀਰ ਵਿਚ ਆਲਸ ਆਉਂਦਾ ਹੈ। ਬਹੁਤੀ ਨੀਂਦ ਤੇ ਆਲਸ ਤੋਂ ਬਚਣ ਲਈ ਅਤੇ ਚੇਤੰਨ ਬ੍ਰਿਤ ਹੋਣ ਲਈ ਅਲਪ ਅਹਾਰ ਤੇ ਸੁਲਪ ਸੀ ਨਿੰਦਰਾ ਦਾ ਹੁਕਮ ਹੈ। ਮਨੁੱਖ ਜੀਭ ਦੇ ਚਸਕੇ ਪਿਛੇ ਭਾਂਤੋ ਭਾਂਤੀ ਖਾਣੇ ਖਾਂਦਾ ਹੈ ਅਤੇ ਸਵਾਦਾਂ ਵਿਚ ਫਸ ਕੇ ਲੋੜ ਤੋਂ ਵਧ ਖਾਈ ਜਾਂਦਾ ਹੈ ਤੇ ਫਿਰ ਵਧ ਤੋਂ ਵਧ ਸੌਂਦਾ ਹੈ। ਇਸ ਤਰ੍ਹਾਂ ਪੂਰੀ ਸਾਵਧਾਨਤਾ ਨਹੀਂ ਰਹਿ ਸਕਦੀ। ਬਹੁਤਾ ਖਾਣ ਤੇ ਬਹੁਤਾ ਸੌਣ ਨਾਲ ਤਨ, ਮਨ ਤੇ ਆਤਮਾ ਦੀ ਇਕ-ਸੁਰਤਾ ਬਣ ਹੀ ਨਹੀਂ ਆਉਂਦੀ। ਅਨੇਕਾਂ ਰੋਗ ਬਹੁਤਾ ਤੇ ਬੇਸੰਜਮਾ ਖਾਣ ਤੋਂ ਉਤਪੰਨ ਹੁੰਦੇ ਹਨ। ਸੋ ਸੰਜਮ ਤੇ ਸਾਦਗੀ ਵਿਚ ਖਾਣਾ ਪੀਣਾ ਯੋਗ ਹੈ। ਖਾਣਾ ਸਰੀਰ ਨੂੰ ਕਾਇਮ ਰਖਣ ਵਾਸਤੇ ਹੈ, ਨਾਕਿ ਸਰੀਰ ਖਾਣ ਪੀਣ ਤੇ ਪਹਿਰਣ ਵਾਸਤੇ ਬਣਿਆ ਹੈ।

www.AKJ.Org

"ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ" ਦੇ ਗੁਰ-ਫੁਰਮਾਨ ਨੂੰ ਇਸ ਭਾਵ ਵਿਚ ਵਰਤਣਾ ਮਹਾਂ ਭੁੱਲ ਹੈ ਕਿ ਖਾਣ ਲਈ ਸਵਾ-ਦਿਸ਼ਟ ਭੋਜਨ, ਰਹਿਣ ਲਈ ਏਅਰ-ਕੰਡੀਸ਼ਨ ਘਰ ਅਤੇ ਚੜ੍ਹਨ ਲਈ ਵਧੀਆ ਕਾਰਾਂ ਹੋਣੀਆਂ ਚਾਹੀਦੀਆਂ ਹਨ ਅਤੇ ਇਨ੍ਹਾਂ ਮਾਇਕ ਪਦਾਰਥਾਂ ਦੀ ਪ੍ਰਾਪਤੀ ਲਈ ਉਚ ਵਿਦਿਆ ਵਿਚ ਪ੍ਰਬੀਨਤਾ ਪ੍ਰਾਪਤ ਕਰਨੀ ਜ਼ਰੂਰੀ ਹੈ, ਤਾਹੀਂ ਜੀਵਨ ਦਾ ਪੱਧਰ ਉੱਚਾ ਸੁਖਦਾਇਕ ਬਣਾਇਆ ਜਾ ਸਕਦਾ ਹੈ। ਜੇ ਇਨ੍ਹਾਂ ਮਾਇਕ ਪਦਾਰਥਾਂ ਦੇ ਭੋਗਾਂ ਨਾਲ ਜੀਵਨ ਦਾ ਪੱਧਰ ਉਚਾ ਤੇ ਸੁਖਦਾਇਕ ਬਣ ਸਕਦਾ ਹੈ, ਤਾਂ ਫਿਰ ਸੱਚੇ ਪਾਤਸ਼ਾਹ ਦੇ ਇਹ ਫੁਰਮਾਨ ਕੀ ਦ੍ਰਿੜ੍ਹਾਉਂਦੇ ਹਨ—

ਖਾਂਦਿਆਂ ਖਾਂਦਿਆਂ ਮੁਹੁ ਘਠਾ, ਪੈਨੰਦਿਆਂ ਸਭੁ
ਅੰਗੁ ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ,
ਜਿਨ ਸਚਿ ਨ ਲਗੋ ਰੰਗੁ ॥

ਅਤੇ

ਖਾਨ ਪੀਨ ਮੀਠ ਰਸ ਭੋਜਨ,
ਅੰਤ ਕੀ ਬਾਰ ਹੋਤ ਕਤ ਖਾਰੀ ॥
ਨਾਨਕ ਸੰਤ ਚਰਨ ਸੰਗਿ ਉਧਰੇ,
ਹੋਰ ਮਾਇਆ ਮਗਨ ਚਲੇ ਸਭਿ ਡਾਰੀ ॥

ਜੇ ਜਗਿਆਸੂ ਦੀ ਸੁਰਤ ਖਾਣ ਪੀਣ, ਪਹਿਰਣ ਤੇ ਮਾਇਕ ਪਦਾਰਥਾਂ ਦੀ ਪ੍ਰਾਪਤੀ ਵਿਚ ਹੀ ਖਚਿਤ ਰਹੀ ਤਾਂ ਨਾਮ ਦਾ ਕਿਥੇ ਵਾਸਾ ਹੋਵੇਗਾ। ਗੁਰਬਾਣੀ ਫੁਰਮਾਉਂਦੀ ਹੈ :—

ਰਸੁ ਘੋੜੇ ਰਸੁ ਸੇਜਾ ਮੰਦਰ, ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥

ਜੇ ਕਿਸੇ ਪ੍ਰਾਣੀ ਨੂੰ ਇਹ ਪਦਾਰਥ ਸਹਿਜ ਸੁਭਾਏ ਹੀ ਸਤਿਗੁਰੂ ਦੀ ਬਖ਼ਸ਼ਸ਼ ਹੋਣ ਤਾਂ ਇਨ੍ਹਾਂ ਦੇ ਭੋਗਾਂ ਵਿਚ ਗੁਰੂ ਕਾ ਸਿਖ ਖਚਿਤ ਨਹੀਂ ਹੁੰਦਾ, ਸਗੋਂ ਨਿਰਲੇਪ ਰਹਿ ਕੇ ਨਿਰਮਾਣਤਾ ਦਾ ਧਾਰਨੀ ਹੁੰਦਾ ਹੈ।

ਉਪਰੋਕਤ ਗੁਰ-ਫੁਰਮਾਨ "ਹਸੰਦਿਆਂ ਖੇਲੰਦਿਆਂ ਪੈਨੰਦਿਆਂ........" ਦਾ ਇਹੋ ਹੀ ਭਾਵ ਹੈ ਕਿ ਗੁਰ-ਸਿਖ ਗ੍ਰਿਹਸਤ ਮਾਰਗ ਵਿਚ ਵਿਚਰ ਕੇ ਵੀ ਜਲ ਵਿਚ ਕਮਲ ਵਾਂਗ ਨਿਰਲੇਪ ਰਹਿੰਦਾ ਹੈ।

ਥੋੜਾ ਖਾਣ ਤੇ ਥੋੜਾ ਸੋਣ ਦੇ ਸੰਜਮਾਂ ਨਾਲ ਹੀ ਥੋੜਾ ਬੋਲਣ ਦਾ ਵੀ ਗੁਰ-ਹੁਕਮ ਹੈ। ਊਲ-ਜਲੂਲ ਫਾਦਲ-ਬਾਦ ਬੋਲੀ ਜਾਣਾ ਅਤੇ ਕੂੜੀਆਂ, ਬੇਲੋੜੀਆਂ ਤੇ ਅਵਾਗੌਣ ਗੱਪਾਂ ਮਾਰੀ ਜਾਣੀਆਂ ਵਿਵਰਜਤ ਹਨ। ਸਤਿਗੁਰੂ ਜੀ ਹੁਕਮ ਕਰਦੇ ਹਨ ਕਿ—

ਜਿਤੁ ਬੋਲੀਐ ਪਤਿ ਪਾਈਐ, ਸੋ ਬੋਲਿਆ ਪਰਵਾਣੁ ॥

ਅਤੇ

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ,
ਬਹੁਤੁ ਨਾਹੀ ਬੋਲਣਾ ॥

## ਨਾਟਕ ਚੇਟਕ ਕੀਏ ਕੁਕਾਜਾ—

"ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥"

ਚਾਹੇ ਜ਼ਮਾਨੇ ਭਰ ਦੇ ਰੰਗ-ਤਮਾਸ਼ੇ ਵੇਖੇ ਡਿਠੇ ਜਾਣ, ਵੇਖ ਵੇਖ ਅਖਾਂ ਰਜਦੀਆਂ ਨਹੀਂ। ਰਜਣ ਤਦ ਜੇ ਇਨ੍ਹਾਂ ਰੰਗ-ਤਮਾਸ਼ਿਆਂ ਵਿਚ ਕੋਈ ਪਤੀਜਣ ਵਾਲੀ ਗੱਲ ਹੋਵੇ। ਇਨ੍ਹਾਂ ਨਾਟਕਾਂ ਚੇਟਕਾਂ ਵਿਚ ਤਾਂ ਬਲਦੀ ਤੇ ਤੇਲ ਪਾ ਕੇ ਭਾਂਬੜ ਮਚਾਣ ਵਾਂਗ ਨਿਰੀ ਚੰਚਲਤਾ ਭਰੀ ਪਈ ਹੈ। ਜਿਹੜੀਆਂ ਅੱਖਾਂ ਬਾਹਰਲੇ ਰੰਗਾਂ ਰੂਪਾਂ ਦੇ ਵਿਕਾਰੀ ਦ੍ਰਿਸ਼ਾਂ ਵਿਚ ਭਟਕਦੀਆਂ ਫਿਰਦੀਆਂ ਹਨ ਉਹ ਅੰਤਰੀਵ-ਮੁਖੀ ਹੋ ਕੇ ਪਿਆਰੇ ਪ੍ਰਭੂ-ਪ੍ਰੀਤਮ ਦੀ ਭਾਲ ਵਿਚ ਕਿਵੇਂ ਜੁੜ ਸਕਦੀਆਂ ਹਨ। ਅਜਿਹੇ ਪੁਰਸ਼ਾਂ ਦੇ ਅੰਦਰ ਤਾਂ ਗੰਦੇ ਦ੍ਰਿਸ਼ਾਂ ਤੇ ਗੰਦੇ ਗੀਤਾਂ ਨੇ ਡੇਰੇ ਜਮਾਏ ਹੁੰਦੇ ਹਨ। ਭਾਈ ਗੁਰਦਾਸ ਜੀ ਇਨ੍ਹਾਂ ਦੂਜੇ ਭਾਵ ਦੇ ਰਾਗਾਂ ਰੰਗਾਂ ਨੂੰ ਇਉਂ ਧ੍ਰਿਕਾਰਦੇ ਹਨ—

ਹੋਰਤੁ ਰੰਗਿ ਨ ਰਚੀਐ, ਸਭੁ ਕੂੜੁ ਦਿਸੰਦਾ ॥
ਹੋਰਤੁ ਸਾਦਿ ਨ ਲਗੀਐ, ਹੋਇ ਵਿਸੁ ਲਗੰਦਾ ॥
ਹੋਰਤੁ ਰਾਗ ਨ ਰੀਝੀਐ, ਸੁਣਿ ਸੁਖ ਨ ਲਹੰਦਾ ॥

ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਰਾਗ ਵਿਚ ਇਨ੍ਹਾਂ ਨਾਟਕੀ ਅਖਾੜਿਆਂ ਦੇ ਪਾਜ ਨੂੰ ਇਸ ਤਰ੍ਹਾਂ ਉਘੇੜਦੇ ਹਨ—

ਨਟ ਨਾਟਿਕ ਆਖਾਰੇ ਗਾਇਆ ॥
ਤਾ ਮਹਿ ਮਨਿ ਸੰਤੋਖੁ ਨ ਪਾਇਆ ॥

ਅਤੇ—

ਸੁਖੁ ਨਾਹੀ ਬਹੁਤੇ ਧਨਿ ਖਾਟੇ ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥

ਅਜਿਹੇ ਕੁ-ਰਸਾਂ ਵਿਚ ਫਸੇ ਹੋਏ ਜੀਵਾਂ ਪ੍ਰਤੀ ਹੀ ਇਹ ਪ੍ਰਮਾਣ ਠੀਕ ਢੁਕਦਾ ਹੈ ਕਿ—

ਖਾਣਾ ਪੀਣਾ ਹਸਣਾ ਸਉਣਾ

www.AKJ.org

ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ,
ਧ੍ਰਿਗੁ ਜੀਵਣੁ ਨਹੀ ਰਹਣਾ ॥

ਸਪੱਸ਼ਟ ਹੈ ਕਿ ਇਹ ਨਾਟਕ ਚੇਟਕ ਕੁਰਾਹੇ ਲਿਜਾਣ ਵਾਲੇ ਹਨ। ਗੁਰਸਿਖ ਨੇ ਇਨ੍ਹਾਂ ਵਿਚ ਨਹੀਂ ਫਸਣਾ।

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥
[ਵਚਿਤ੍ਰ ਨਾਟਕ

ਅਤੇ— ਗੁਰਮੁਖਿ ਰਾਗ ਸੁਆਦ ਮਾਨ ਤਿਆਗੇ ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

## ਭੇਖ-ਦਿਖਾਵਾ ਤੇ ਲੋਕ ਪਤਿਆਰਾ—

ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ ਕਟਿਓ, ਬਾਸੁ ਨਰਕ ਮੋ ਲੀਨ॥

ਅਤੇ— ਲੋਕ ਪਤੀਣੇ ਕਛੂ ਨ ਹੋਵੈ,
ਨਾਹੀ ਰਾਮੁ ਅਯਾਣਾ ॥
[ਆਸਾ ਕਬੀਰ ਜੀ

ਉਪਰੋਕਤ ਤੁਕਾਂ ਦਾ ਭਾਵ ਬਿਲਕੁਲ ਸਪੱਸ਼ਟ ਹੈ ਕਿ ਭੇਖ ਤੇ ਪਖੰਡ ਕਰ ਕੇ ਲੁਕਾਈ ਨੂੰ ਤਾਂ ਠਗਿਆ ਜਾ ਸਕਦਾ ਹੈ, ਪਰ ਉਸ ਅੰਤਰਜਾਮੀ ਪ੍ਰਭੂ ਨੂੰ ਧੋਖਾ ਨਹੀਂ ਦਿਤਾ ਜਾ ਸਕਦਾ; ਸਗੋਂ ਆਪਣਾ ਹੀ ਅਗਾ ਖ਼ਰਾਬ ਕਰ ਕੇ ਨਰਕ-ਗਾਮੀ ਬਣਨਾ ਹੁੰਦਾ ਹੈ। ਇਸੇ ਤਰ੍ਹਾਂ ਲੋਕਾਂ ਨੂੰ ਰੀਝਾਉਣ-ਪਤਿਆਉਣ ਨਾਲ ਕੁਝ ਨਹੀਂ ਬਣਦਾ, ਜਿਹਾ ਕਿ ਮਨੁੱਖ ਅਜਿਹਾ ਲੋਕ-ਪਚਾਰਾ ਦਿਨ ਰਾਤ ਕਰਦਾ ਰਹਿੰਦਾ ਹੈ। ਸੁਖਮਨੀ ਸਾਹਿਬ ਸਾਨੂੰ ਨਿਤ ਦ੍ਰਿੜ੍ਹਾਉਂਦੀ ਹੈ ਕਿ—

ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ-ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥

## ਅਰਦਾਸਿ ਕਰੀ ਪ੍ਰਭ ਅਪਨੇ ਆਗੇ—

ਸਾਨੂੰ ਖਿਨ ਖਿਨ ਪਰਮਾਰਥੀ ਸੇਧ ਤੇ ਚਲਣ ਵਾਸਤੇ ਪ੍ਰਭੂ ਜੀ ਅਗੇ ਜੋਦੜੀਆਂ-ਬੇਨਤੀਆਂ ਕਰਨ ਦਾ ਸੁਭਾਵ ਪਕਾਉਣ ਦੀ ਅਤਿ ਲੋੜ ਹੈ। ਕਦਮ ਕਦਮ ਤੇ ਥਿੜਕਣ ਤੇ ਫਿਸਲਣ ਦਾ ਖ਼ਤਰਾ ਹਰ ਵਕਤ ਬਣਿਆ ਰਹਿੰਦਾ ਹੈ, ਕਿਉਂ ਜੁ ਇਹ ਮਾਰਗ ਹੀ ਖੰਡੇਧਾਰ ਹੈ। ਜਨਮ-ਜਨਮਾਂਤਰਾਂ ਦੀਆਂ ਪਈਆਂ ਹੋਈਆਂ ਵਾਦੀਆਂ ਤੋਂ ਛੁਟਕਾਰਾ ਪਾਉਣਾ ਕੋਈ ਅਸਾਨ ਖੇਡ ਨਹੀਂ ਹੈ। ਸੰਗ-ਕੁਸੰਗ ਦਾ ਪ੍ਰਭਾਵ ਅਤੇ ਪਦਾਰਥਵਾਦੀ ਵਾਤਾਵਰਨ ਦਾ ਅਸਰ ਬਦੋ-ਬਦੀ ਮਨ ਕਬੂਲਦਾ ਹੈ। ਇਸ ਲਈ ਇਸ ਜ਼ਹਿਰੀਲੇ ਅਸਰ ਤੋਂ ਬਚਣ ਦਾ ਇਕੋ ਇਕ ਸਾਧਨ ਗੁਰਬਾਣੀ ਦ੍ਰਿੜ੍ਹਾਉਂਦੀ ਹੈ, ਤੇ ਉਹ ਹੈ ਅਰਦਾਸ ਇਨ੍ਹਾਂ ਤੁਕਾਂ ਰਾਹੀਂ—

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥ਕੋਟਿ ਅਪ੍ਰਾਧ
ਭਰੇ ਭੀ ਤੇਰੇ ਚੇਰੇ ਰਾਮ ॥ ਦੁਖ ਹਰਨ ਕਿਰਪਾ
ਕਰਨ, ਮੋਹਨ ਕਲਿ ਕਲੇਸਹ ਭੰਜਨਾ ॥ ਸਰਨਿ
ਤੇਰੀ ਰਖਿ ਲੇਹਿ ਮੇਰੀ, ਸਰਬਮੈ ਨਿਰੰਜਨਾ ॥
ਸੁਨਤ ਪੇਖਤ ਸੰਗਿ ਸਭ ਕੈ, ਪ੍ਰਭ ਨੇਰਹੂ ਤੇ ਨੇਰੇ ॥
ਅਰਦਾਸਿ ਨਾਨਕ ਸੁਨਿ ਸੁਆਮੀ, ਰਖਿ ਲੇਹੁ ਘਰ
ਕੇ ਚੇਰੇ ॥ [ਬਿਹਾਗੜਾ ਮ: ੫

## ਰੇ ਮਨ ਵਤ੍ਰ ਬੀਜਣ ਨਾਉ—

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਆਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ॥
[ਬਸੰਤ ਮ: ੫

ਸੋ ਇਸ ਤਰ੍ਹਾਂ ਸੁਧੀ ਹੋਈ ਧਰਤੀ ਵਿਚ ਬੀਜਿਆ ਨਾਮ ਪਰਫੁਲਤ ਹੁੰਦਾ ਹੈ। ਤੇ ਇਹ ਨਾਮ ਐਰੇ ਗ਼ੈਰੇ ਅਨਜਾਣ ਹਾਲੀ ਨਹੀਂ ਬੀਜ ਸਕਦੇ। ਇਸ ਨਾਮ ਨੂੰ ਬੀਜਣ ਦ ਸਮਰਥ, ਸਤਿਗੁਰੂ ਦਰੋਂ ਵਰੋਸਾਇ ਤੇ ਨਦਰਾਇ ਗੁਰਮੁਖ ਪੰਚ ਜਨ ਹੀ ਹਨ, ਜੋ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਯੋਗ ਧਰਤੀ (ਜੀਵ) ਪਰਖ ਕੇ ਹੀ ਨਾਮ ਦਾ ਬੀਜ ਬੀਜਦੇ (ਨਾਮ ਬਖ਼ਸ਼ਦੇ) ਹਨ। ਅਜਿਹੀ ਦਾਤ ਸਤਿਗੁਰੂ ਦੇ ਤਰੁੱਠਣ ਨਾਲ ਵਡਭਾਗੇ ਹੀ ਪ੍ਰਾਪਤ ਕਰਦੇ ਹਨ।

[ਸਤਿਗੁਰੂ ਨੂੰ ਭਾਇਆ ਤਾਂ ਅਗਲਾ ਲੇਖ 'ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ' ਫਿਰ ਕਦੇ ਗੁਰਬਾਣੀ ਦੀ ਸੇਧ ਵਿਚ ਵਿਚਾਰਾਂਗੇ।]

www.AKJ.Org

[ਸਫ਼ਾ ੩੯ ਦੀ ਬਾਕੀ ]

ਗੁਰੂ ਸਾਹਿਬਾਨ ਦੇ ਸਮੇਂ ਦੀ ਕੋਈ ਵੀ ਅਸਲੀ ਫੋਟੋ ਜਾਂ ਚਿੱਤਰ ਨਹੀਂ ਮਿਲਦਾ। ਕੋਈ ਚਿੱਤਰ ਮੁਗਲ ਸਟਾਈਲ, ਕੋਈ ਕਿਸੇ ਹੋਰ ਸਟਾਈਲ ਵਿਚ, ਭਾਵ ਇਹ ਕਿ ਉਹਨਾਂ ਦੀ ਕੋਈ ਅਸਲੀ ਤਸਵੀਰ ਨਹੀਂ, ਇਸ ਕਰਕੇ ਵਖ ਵਖ ਸ਼ਕਲ ਵਿਚ ਪੁਰਾਤਨ ਤਸਵੀਰਾਂ ਮਿਲਦੀਆਂ ਹਨ, ਜੋ ਅਸਲੀਅਤ ਤੋਂ ਕੋਹਾਂ ਦੂਰ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਤਸਵੀਰਾਂ ਕੁਝ ਅਸਲੀਅਤ ਦੇ ਨੇੜੇ ਹਨ, ਇਸੇ ਲਈ ਕਈ ਵਾਰ ਵੇਖਿਆ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਵਾਲੀ ਕੋਈ ਅਖਬਾਰ ਜਾਂ ਕੋਈ ਪੁਸਤਕ ਉਠਾ ਕੇ ਵੇਖ ਲਓ, ਇਹ ਤਸਵੀਰਾਂ ਆਪਸ ਵਿਚ ਮਿਲਦੀਆਂ ਹੋਣਗੀਆਂ। ਪਰ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਨਹੀਂ। ਜੋ ਤਸਵੀਰਾਂ ਕੁਝ ਕੁ ਚੋਟੀ ਦੇ ਆਰਟਿਸਟਾਂ ਨੇ ਗੁਰੂ ਸਾਹਿਬਾਨ ਦੀਆਂ ਬਣਾਈਆਂ ਹਨ, ਉਹ ਕਲਾ ਦੇ ਸੁਚਜੇ ਨਮੂਨੇ ਸਮਝ ਕੇ ਬੇਸ਼ਕ ਘਰਾਂ ਵਿਚ ਰਖੀਆਂ ਜਾ ਸਕਦੀਆਂ ਹਨ, ਪਰ ਉਹਨਾਂ ਵਿਚੋਂ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਵੇਖਣਾ ਜਾਂ ਉਹਨਾਂ ਦੀ ਧੂਪ ਆਦਿ ਨਾਲ ਪੂਜਾ ਕਰਨੀ, ਇਹ ਸਿੱਖੀ ਤੋਂ ਉਲਟ ਹੈ। ਸੋ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਸਿੱਖੀ ਵਿਚ ਤਸਵੀਰ ਜਾਂ ਬੁੱਤ ਨੂੰ ਪੂਜਾ ਦੇ ਪੱਖੋਂ ਕੋਈ ਥਾਂ ਨਹੀਂ ਹੈ।

ਕੁਝ ਕੁ ਅਖੌਤੀ ਵਿਦਵਾਨ, ਜੋ ਅਬੋਧਿਕਤਾ ਦੇ ਚੰਗੀ ਤਰ੍ਹਾਂ ਸ਼ਿਕਾਰ ਹਨ, ਉਹ ਬਾਣੀ ਅਤੇ ਇਤਿਹਾਸ ਦੇ ਨਜ਼ਰੀਏ ਤੋਂ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਨਹੀਂ ਕਰਦੇ, ਸਗੋਂ ਆਪਣੀ ਹੀ ਕਿਸਮ ਦੀ ਵਿਚਾਰਧਾਰਾ ਬਣਾ ਕੇ 'ਸਭਨੀਂ ਗਲੀਂ ਪਿਪਲਾ ਮੂਲ' ਹੋਣ ਦਾ ਸਬੂਤ ਦੇ ਰਹੇ ਹਨ। ਉਹਨਾਂ ਨੂੰ ਭਲੀ ਭਾਂਤ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਹਰ ਰਸਾਲੇ ਅਤੇ ਹਰ ਅਖਬਾਰ ਵਿਚ ਜਲਦੀ ਜਲਦੀ ਛੱਪਣ ਨਾਲ ਵਿਦਵਤਾ ਜ਼ਾਹਰ ਨਹੀਂ ਹੁੰਦੀ। ਇਹ ਆਦਤ ਨੀਵੀਂ ਪੱਧਰ ਦੀ ਸੋਚ ਰਖਣ ਵਾਲਿਆਂ ਦੀ ਹੀ ਕਹੀ ਜਾ ਸਕਦੀ ਹੈ। ਵਿਦਵਾਨ ਅਤੇ ਸੁਘੜ ਲਿਖਾਰੀ ਆਪਣੇ ਆਪ ਨੂੰ 'ਲੇਖ ਘੜਨੀ ਫ਼ੈਕਟਰੀ' ਨਹੀਂ ਬਣਾਉਂਦਾ, ਸਗੋਂ ਆਪਣੀ ਲੇਖਣੀ ਰਾਹੀਂ ਪ੍ਰਪੱਕ ਤੇ ਦ੍ਰਿੜ੍ਹ ਵਿਚਾਰਾਂ ਵਾਲੀ ਵਸਤੂ ਕਾਫ਼ੀ ਸਮੇਂ ਬਾਅਦ ਦਿੰਦਾ ਹੈ, ਜੋ ਅਕਾਰ ਵਿਚ ਛੋਟੀ ਜਾਂ ਗਿਣਤੀ ਮਿਣਤੀ ਵਿਚ ਘਟ ਹੁੰਦੀ ਹੋਈ ਵੀ ਸਦੀਵੀ ਹੋ ਗੁਜ਼ਰਦੀ ਹੈ। ਸੋ ਐਸੇ ਕਚਘਰੜ ਲਿਖਾਰੀਆਂ ਨੂੰ ਚਾਹੀਦਾ ਹੈ ਕਿ ਉਹ ਲੋਕ-ਦਿਲਾਂ ਦੀ ਕਦਰ ਕਰਦੇ ਹੋਏ ਉਹਨਾਂ ਦੇ ਦਿਮਾਗ ਤੇ ਹੋਰ ਵਾਧੂ ਬੋਝ ਨਾ ਪਾਉਣ। ਗੁਰਮਤਿ ਵਿਚਾਰ ਨਾਲ ਸੰਬੰਧਤ ਰਸਾਲਿਆਂ ਦੇ ਐਡੀਟਰਾਂ ਨੂੰ ਵੀ ਸਨਿਮਰ ਬੇਨਤੀ ਹੈ ਕਿ ਉਹ ਮਜ਼ਮੂਨ ਨੂੰ ਚੰਗੀ ਤਰ੍ਹਾਂ ਗੁਰਮਤਿ ਕਸੱਵਟੀ ਤੇ ਪਰਖ ਕੇ ਛਾਪਣ।

['ਗੁਰਮਤਿ ਵਿਚਾਰ ਪਤ੍ਰਕਾ' ਵਿਚੋਂ]

## ਸੂਰਾ ਮਾਸਕ ਪਤਰ ਨੂੰ ਸਹਾਇਤਾ

ਸ: ਅਮਰਜੀਤ ਸਿੰਘ ਜੀ ਬਨਾਰਸ ਨੇ ਆਪਣੀ ਧਰਮ-ਪਤਨੀ ਬੀਬੀ ਦਰਸ਼ਨ ਕੌਰ ਦੇ ੮-੧੨-੭੩ ਨੂੰ ਚਲਾਣਾ ਕਰ ਜਾਣ ਤੇ ਰਖੇ ਸ੍ਰੀ ਅਖੰਡ ਪਾਠ ਸਮੇਂ ੨੧-੦੦ ਸਹਾਇਤਾ ਭੇਜੀ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।

## ਅਕਾਲ ਚਲਾਣਾ

ਮਾਨਯੋਗ ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ ਦੇ ਸਤਿਕਾਰ ਯੋਗ ਪਿਤਾ ਭਾਈ ਮਹਿਤਾਬ ਸਿੰਘ ਜੀ ੨੯-੧-੭੪ ਰਾਤ ਨੂੰ ਨੰਬਰ ਦੋ, ਛੋਟਾ ਮਾਡਲ ਟਾਊਨ, ਲੁਧਿਆਣੇ ਵਿਖੇ ਅਕਾਲ ਚਲਾਣਾ ਕਰ ਗਏ ਹਨ। ਸਤਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ

## ੭ ਮਾਰਚ ਵੀਰਵਾਰ ਸਵੇਰ ਤੋਂ ੯ ਮਾਰਚ ਸ਼ਨੀਵਾਰ ਸਵੇਰ ਤਕ

ਸਮੂੰਹ ਅਖੰਡ ਕੀਰਤਨੀ ਜਥਿਆਂ ਵਲੋਂ ਪਿਛਲੇ ਸਾਲਾਂ ਵਾਂਗ ਐਤਕੀਂ ਵੀ ਹੋਲੇ ਮਹੱਲੇ ਦਾ ਪ੍ਰੋਗਰਾਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਿਹਾ ਹੈ।

ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ ਦਿਤਾ ਜਾਵੇਗਾ।



www.AKJ.Org

# ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ?

[ਵਲੋਂ—ਪ੍ਰੋ: ਸੂਬਾ ਸਿੰਘ ਜੀ, ਐਜੂਕੇਸ਼ਨਲ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ]

ਸਿੱਖ ਵਿਚਾਰਧਾਰਾ ਨੂੰ ਸਮਝਣ ਲਈ ਸਾਡੇ ਕੋਲ ਦੋ ਸੋਮੇ ਹਨ। ਪਹਿਲਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਦੂਸਰਾ ਹੈ ਸਿਖ ਇਤਿਹਾਸ। ਜਿੰਨੀ ਦੇਰ ਕੋਈ ਵੀ ਬੁੱਧੀ-ਜੀਵੀ ਜਾਂ ਜਨ-ਸਾਧਾਰਨ ਇਨ੍ਹਾਂ ਦੋਹਾ ਸੋਮਿਆਂ ਤੋਂ ਭਲੀ ਪਰਕਾਰ ਜਾਣੂ ਨਹੀਂ ਹੁੰਦਾ, ਉਤਨੀ ਦੇਰ ਉਹ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਦੇ ਅਸਮਰਥ ਰਹਿੰਦਾ ਹੈ। ਗੁਰਬਾਣੀ ਅਤੇ ਇਤਿਹਾਸ ਦੇ ਸੁਮੇਲ ਰਾਹੀਂ ਹੀ ਸਿੱਖੀ ਦੀ ਸਹੀ ਤਸਵੀਰ ਸਾਡੇ ਸਾਹਮਣੇ ਨਿਖਰ ਕੇ ਆਉਂਦੀ ਹੈ।

ਕੀ ਸਿੱਖ ਧਰਨ ਵਿਚ ਤਸਵੀਰ ਜਾਂ ਬੁੱਤ ਬਨਾਉਣਾ ਠੀਕ ਹੈ ? ਇਹ ਮੈਂ ਅਨੁਭਵ ਕੀਤਾ ਹੈ, ਇਹ ਇਕ ਦਾ ਨਹੀਂ ਸਗੋਂ ਅਣਗਿਣਤ ਵੀਰਾਂ ਦਾ ਸੁਆਲ ਹੈ। ਜਿਸ ਤਰ੍ਹਾਂ ਮੈਂ ਸਿੱਖੀ ਨੂੰ ਸਮਝਿਆ ਹੈ, ਉਸੇ ਤਰ੍ਹਾਂ ਇਸ ਸਵਾਲ ਦਾ ਉੱਤਰ ਲਿਖ ਰਿਹਾ ਹਾਂ। ਜਿਨ੍ਹਾਂ ਵਿਦਿਆਰਥੀਆਂ, ਬੁੱਧੀ-ਜੀਵੀਆਂ ਜਾਂ ਅਧਿਆਤਮਿਕਤਾ ਦੇ ਪਾਂਧੀਆਂ ਨੇ ਸਿੱਖ ਧਰਮ ਦਾ ਅਧਿਐਨ ਉਪਰੋਕਤ ਦੱਸੀ ਵਿਧੀ ਅਨੁਸਾਰ ਕੀਤਾ ਹੈ, ਉਹ ਇਸ ਗਲ ਬਾਰੇ ਚੰਗੀ ਤਰ੍ਹਾਂ ਸਪੱਸ਼ਟ ਹਨ ਕਿ ਸਿੱਖ ਧਰਮ ਵਿਚ ਤਸਵੀਰ ਜਾਂ ਬੁੱਤ ਬਨਾਉਣਾ ਕਿਤੇ ਨਹੀਂ ਲਿਖਿਆ, ਇਹ ਸਾਰੀ ਮਨਮਤ ਹੈ।

ਸਿੱਖ ਧਰਮ ਦਾ ਜਿਨ੍ਹਾਂ ਨੇ ਡੂੰਘਾ ਮੁਤਾਲਿਆ ਕੀਤਾ ਹੈ, ਉਹ ਜਾਣਦੇ ਹਨ ਕਿ ਇਥੇ ਵਿਚੋਲਗੀ ਨੂੰ ਕੋਈ ਥਾਂ ਨਹੀਂ ਹੈ, ਸਗੋਂ ਸਿੱਖ ਅਤੇ ਅਕਾਲ ਪੁਰਖ ਦਾ ਆਪਸੀ ਸਿੱਧਾ ਸੰਬੰਧ ਹੈ। ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਸਿੱਖ ਅਤੇ ਅਕਾਲ ਪੁਰਖ ਦੇ ਦਰਮਿਆਨ ਨਹੀਂ ਰਖਿਆ। ਸਤਿਗੁਰ ਦੀ ਬਾਣੀ ਹੀ ਸਾਡੇ ਲਈ ਚਾਨਣ-ਮੁਨਾਰਾ ਹੈ, ਜੋ ਮਨੁੱਖ ਦੀ ਹਰ ਪੱਖ ਤੋਂ ਅਗਵਾਈ ਕਰਦੀ ਹੈ। ਦੂਸਰੇ ਧਰਮਾਂ ਵਿਚ ਜਿਵੇਂ ਹਜ਼ਰਤ ਈਸਾ ਜੀ ਅਤੇ ਹਜ਼ਰਤ ਮੁਹੰਮਦ ਸਾਹਿਬ, ਜਨਸਾਧਾਰਨ ਅਤੇ ਪ੍ਰਭੂ ਦੇ ਦਰਮਿਆਨ ਵਿਚੋਲਗੀ ਕਰਦੇ ਹਨ, ਉਸ ਤਰ੍ਹਾਂ ਗੁਰੂ ਸਾਹਿਬਾਨ ਵਿਚੋਲਗੀ ਨਹੀ ਕਰਦੇ ●। ਸਤਿਗੁਰੂ ਦਾ ਇਹ ਹੁਕਮ ਹੈ ਕਿ ਜੋ ਸਾਨੂੰ ਪਰਮੇਸ਼ਵਰ ਦਾ ਰੁਤਬਾ ਦੇਵੇਗਾ, ਉਹ ਨਰਕ ਦਾ ਭਾਗੀ ਹੋਵੇਗਾ। ਜੇ ਇੰਨਾ ਸਖ਼ਤ ਤੇ ਮਹਾਨ ਹੁਕਮ ਹੈ ਤਾਂ ਬੁੱਤ ਜਾਂ ਤਸਵੀਰ ਕਿਸ ਦੀ ਬਨਾਉਣੀ ਹੋਈ ? ਉਹ ਤਾਂ ਸਾਨੂੰ ਅਕਾਲ ਪੁਰਖ ਦੇ ਲੜ ਲਾ ਗਏ। ਅਕਾਲ ਪੁਰਖ ਦੀ ਤਸਵੀਰ ਜਾਂ ਬੁੱਤ ਬਣ ਨਹੀਂ ਸਕਦਾ, ਕਿਉਂਕਿ ਉਹ ਰੂਪ ਰੰਗ, ਚੱਕਰ ਚਿਹਨ ਤੋਂ ਭਿੰਨ ਹੈ। ਜੇਕਰ ਅਸੀਂ ਕੋਈ ਫ਼ਰਜ਼ੀ ਤਸਵੀਰ ਬਣਾ ਵੀ ਲਈ ਤਾਂ ਕਿਸੇ ਸਮੇਂ ਉਸ ਦੀ ਪੂਜਾ ਵੀ ਸ਼ੁਰੂ ਕਰ ਦੇਵਾਂਗੇ। ਇਸੇ ਲਈ ਗੁਰਬਾਣੀ ਵਿਚ ਗੁਰੂ ਸਾਹਿਬਾਨ ਬੁੱਤ-ਪੂਜਾ ਦੀ ਨਿਖੇਧੀ ਕਰਦੇ ਹਨ :—

"ਜੋ ਪਾਥਰ ਕਉ ਕਹਤੇ ਦੇਵ, ਤਾਂ ਕੀ ਬਿਰਥਾ ਹੋਵੇ ਸੇਵ"।

ਦਸਮੇਸ਼ ਪਿਤਾ ਦਾ ਫ਼ੁਰਮਾਨ ਵੀ ਇਹੋ ਹੀ ਹੈ :—

"ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਯੋ"।
"ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਯੋ"।

ਉਪਰੋਕਤ ਪੰਕਤੀਆਂ ਵਿਚ ਸਪੱਸ਼ਟ ਤੌਰ ਤੇ ਗੁਰੂ ਜੀ ਬੁੱਤ-ਪੂਜਾ ਕਰਨ ਵਾਲਿਆਂ ਦੇ ਅੰਧ ਵਿਸ਼ਵਾਸ ਨੂੰ ਉਘਾੜਦੇ ਹਨ। ਅਜ ਕਲ ਵੀ ਭੋਲੇ ਭਾਲੇ ਸਿੱਖ ਪੱਥਰ, ਮਿੱਟੀ ਸੀਮਿੰਟ ਜਾਂ ਕਾਗਜ਼ ਦਾ ਬੁੱਤ ਵੇਖ ਕੇ ਸਿਰ ਝੁਕਾ ਦਿੰਦੇ ਹਨ। ਕੋਈ ਲਾਲ ਧਾਗਾ ਬੰਨੇ ਹੋਏ ਦਰਖ਼ੱਤ ਨੂੰ, ਕੋਈ ਕਿਸੇ ਬਾਦਰ ਦੇ ਬੁੱਤ ਨੂੰ, ਕੋਈ ਕਿਸੇ ਪੱਥਰ ਨੂੰ, ਇਸ ਤਰ੍ਹਾਂ ਦੇ ਅਨੇਕਾਂ ਥਾਵਾਂ ਤੇ ਸਿਰ ਨਿਵਾਈ ਜਾਣਗੇ, ਇਹ ਸਾਰੀ ਮੂਰੱਖਤਾ ਅਤ ਮਨਮਤ ਹੈ। ਸਿੱਖ ਦਾ ਸਿਰ ਸਿਰਫ ਅਕਾਲਪੁਰਖ ਅਗੇ ਹੀ ਝੁਕਦਾ ਹੈ। ਸ਼ਬਦ-ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌ ਸੌ ਵਾਰ ਸਿੱਜਦਾ ਕਰੋ, ਇਹ ਮੁਬਾਰਕ ਹੈ। ਉਹ ਸਿਰ ਕਾਹਦਾ ਹੋਇਆ ਜੋ ਹਰ ਇਕ ਦੇ ਸਾਹਮਣੇ ਝੁਕਦਾ ਜਾਵੇ ? ਇਹ ਕਾਇਰਤਾ ਦੀ ਨਿਸ਼ਾਨੀ ਹੈ। ਅਸੀਂ ਅਸਲ ਵਿਚ ਗੁਰੂ ਸਾਹਿਬਾਨ ਦੇ ਪੰਜ ਭੂਤਕ ਸਰੀਰ ਨੂੰ ਮੱਥਾ ਨਹੀਂ ਟੇਕਦੇ ਸਗੋਂ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ ਮਹਾਵਾਕਾਂ ਨੂੰ ਸਿਜਦਾ ਕਰਦੇ ਹਾਂ ★।

[ਬਾਕੀ ਵੇਖੋ ਸਾਹਮਣੇ ਸਫ਼ੇ ਤੇ]

● ਗੁਰੂ ਸਾਹਿਬਾਨ ਪੂਰਨ ਤੌਰ ਤੇ ਸਮਰੱਥ ਹੁੰਦੇ ਹੋਏ ਵੀ ਗਰੀਬੀ ਵਿਚ ਵਿਚਰੇ ਅਤੇ ਆਪਣਾ ਨਾਮ ਜਪਾਉਣ ਦੀ ਥਾਂ ਸਿੱਖ ਦਾ ਸੰਬੰਧ ਸਿੱਧਾ ਅਕਾਲ ਪੁਰਖ ਨਾਲ ਜੋੜਨ ਵਾਲੇ ਵਿਚੋਲੇ ਬਣੇ। —ਐਡੀਟਰ

★ ਕਿਸੇ ਦੇ ਸਰੀਰ ਦਾ ਸਨਮਾਨ ਕਰਨਾ ਉਸ ਦੇ ਗੁਣਾਂ ਦਾ ਸਨਮਾਨ ਹੈ। ਇਸੇ ਤਰ੍ਹਾਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਜੋ ਕਰਦੇ ਹਨ, ਉਨ੍ਹਾਂ ਦਾ ਇਹ ਸਨਮਾਨ ਉਨ੍ਹਾਂ ਅਗਾਧ ਅਤੇ ਅਪਰੰਪਰ ਗੁਣਾਂ ਕਰਕੇ ਹੈ, ਜਿਨ੍ਹਾਂ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। [ਭਾ: ਸਾ: ਭਾ: ਰਣਧੀਰ ਸਿੰਘ ਜੀ

www.AKJ.Org

## ਗੁਰਦਵਾਰਾ ਦੂਖ-ਨਿਵਾਰਨ ਸਾਹਿਬ ਪਟਿਆਲਾ ਵਿਖੇ

# ਬਸੰਤ ਪੰਚਮੀ ਦਾ ਸਾਲਾਨਾ ਕੀਰਤਨ-ਸਮਾਗਮ

## ੭ ਫ਼ਰਵਰੀ ਵੀਰਵਾਰ ਤੋਂ ੧੦ ਫ਼ਰਵਰੀ ਐਤਵਾਰ ਸਵੇਰ ਤਕ

ਪਟਿਆਲੇ ਵਿਖੇ ਹਰ ਸਾਲ ਬਸੰਤ ਪੰਚਮੀ ਸਮੇਂ ਅਖੰਡ ਕੀਰਤਨ ਸਮਾਗਮ ਹੁੰਦੇ ਹਨ। ਐਤਕੀ ਇਸ ਸਮਾਗਮ ਦਾ ਸਾਰਾ ਪ੍ਰੋਗਰਾਮ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਹੇਠ ਲਿਖੇ ਅਨੁਸਾਰ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਮੇਂ ਸਮੂੰਹ ਭਾਰਤ ਵਿਚੋਂ ਅਖੰਡ ਕੀਰਤਨੀ ਜੱਥੇ, ਗੁਰਪੁਰ-ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਜਲੰਧਰ, ਗੁਰਦਾਸਪੁਰ, ਲੁਧਿਆਣਾ, ਤਲਵਾੜਾ, ਨੰਗਲ, ਚੰਡੀਗੜ੍ਹ, ਅੰਮ੍ਰਿਤਸਰ, ਦਿੱਲੀ ਆਦਿ ਥਾਵਾਂ ਤੋਂ ਪਟਿਆਲਾ ਪੁਜ ਕੇ ਰਸਭਿੰਨੜੇ ਕੀਰਤਨ ਦੁਆਰਾ ਸੰਗਤਾਂ ਨੂੰ ਸਰਸ਼ਾਰ ਕਰਨਗੇ।

ਸਮੂੰਹ ਸੰਗਤਾਂ ਪਾਸ ਜੋਦੜੀ ਹੈ ਕਿ ਆਪ ਜੀ ਪਰਵਾਰਾਂ ਅਤੇ ਗੁਰ-ਭਾਈਆਂ ਸਮੇਤ ਇਸ ਸੁਭਾਗੇ ਸਮੇਂ ਦੀਦਾਰੇ ਆਇ ਬਖ਼ਸ਼ੋ ਜੀ ਅਤੇ ਗੁਰਬਾਣੀ ਦੇ ਰਸ ਭੁੰਚੋ ਜੀ।

## ਕੀਰਤਨ ਤੇ ਅਖੰਡਪਾਠ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|---|
| ੭-੨-੭੪ (ਵੀਰਵਾਰ) | —— ੭-੩੦ | ਸਵੇਰੇ | ਅਰੰਭ ਸ੍ਰੀ ਅਖੰਡਪਾਠ | ਗੁ: ਦੂਖ ਨਿਵਾਰਨ ਸਾਹਿਬ (ਭੁੰਗੇ ਵਿਖੇ) |
| ੮-੨-੭੪ | ੫-੦੦ ਤੋਂ ੧੨-੦੦ | ਸਵੇਰੇ | ਹਜ਼ੂਰੀ ਕੀਰਤਨ | ਗੁ: ਦੂਖ ਨਿਵਾਰਨ ਸਾਹਿਬ |
| (ਸ਼ੁਕਰਵਾਰ) | ੪-੦੦ ਤੋਂ ੮-੦੦ | ਸ਼ਾਮ | ,, ,, | ,, ,, |
| ੯-੨-੭੪ | —— ੫-੦੦ | ਸਵੇਰੇ | ਭੋਗ ਸ੍ਰੀ ਅਖੰਡਪਾਠ | ,, ,, |
| (ਸ਼ਨੀਵਾਰ) | ੫-੦੦ ਤੋਂ ੧੨-੦੦ | ਸਵੇਰੇ | ਹਜ਼ੂਰੀ ਕੀਰਤਨ | ,, ,, |
| | —— ੭-੩੦ | ਰਾਤ | ਅਰੰਭ ਰੈਣ-ਸਬਾਈ ਕੀਰਤਨ | ,, ,, |
| ੧੦-੨-੭੪ (ਐਤਵਾਰ) | ੮-੦੦ | ਸਵੇਰੇ | ਸਮਾਪਤੀ ਕੀਰਤਨ ਤੇ ਅਰਦਾਸ | ,, ,, |

ਨੋਟ :—੧. ਅੰਮ੍ਰਿਤ-ਸੰਚਾਰ ੯-੨-੭੪ ਸ਼ਨੀਵਾਰ ਦੁਪਹਿਰ ਨੂੰ ੨ ਵਜੇ ਅਰੰਭ ਹੋਵੇਗਾ।

੨. ਸੰਗਤਾਂ ਦੀ ਰਿਹਾਇਸ਼ ਆਦਿ ਦਾ ਪਰਬੰਧ ਗੁਰਦਵਾਰਾ ਦੂਖ-ਨਿਵਾਰਨ ਸਾਹਿਬ ਵਿਖੇ ਹੋਵੇਗਾ।

੩. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਖੇਚਲ ਕਰਨੀ ਜੀ।

ਪੁੱਛ-ਗਿੱਛ ਲਈ :—

ਭਾਈ ਮਨੋਹਰ ਸਿੰਘ ਜੀ
੧੪੫/੨, ਮਹੱਲਾ ਲਾਲ ਬਾਗ
ਪਟਿਆਲਾ

ਦਰਸ਼ਨ ਅਭਿਲਾਖੀ
ਅਖੰਡ ਕੀਰਤਨੀ ਜੱਥਾ, ਪਟਿਆਲਾ,
ਸ਼ਤਰਾਣਾ, ਡਾਲੋਮਾਜਰਾ

www.AKJ.Org